# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੬: ਪਹੇਲੀ (ਗੁੱਝਾ ਸੁਨੇਹਾ)

'ਪਹੇਲੀ', 'ਗੁੱਝਾ ਸੁਨੇਹਾ' ਯਕੀਨ ਨਾਲ ਲਵਰੇਜ਼ ਦਾਨਿਸ਼ਵਰ ਗੁਰੂ ਨਾਨਕ ਦੇ ਮਿਸਾਲੀ ਇਸ਼ਾਰੇ। ਇਹ ਇਸ਼ਾਰੇ ਉਸ ਸ਼ਹਿਰ ਵਿੱਚ ਪੜਚੋਲੀਆ ਸੋਚ ਪੈਦਾ ਕਰਦੇ ਹਨ ਜਿਸ ਨੂੰ 'ਬਦਕਾਰੀਆਂ ਨਾਲ ਜਿੱਤਿਆ' ਨਹੀਂ ਜਾ ਸਕਦਾ। ਪਹੇਲੀ ਉਨ੍ਹਾਂ ਸੰਤਾਂ ਨੂੰ ਸਿਜਦਾ ਹੈ ਜਿਨ੍ਹਾਂ ਦਾ ਇਨਕਲਾਬੀ ਫ਼ਲਸਫ਼ਾ ਗੁਰੂ ਨਾਨਕ ਨਾਲ ਮੇਲ਼ ਖਾਂਦਾ ਹੈ।

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥
(ਰਾਗ ਰਾਮਕਲੀ, ਗੁਰੂ ਨਾਨਕ)

ਹਰ ਰਾਜੇ, ਨੇਕ, ਅਮੀਰ, ਗ਼ਰੀਬ ਅਤੇ ਫ਼ਕੀਰ ਨੇ ਤੁਰ ਜਾਣਾ ਹੈ।
ਸਭ ਨੇ ਆਪਣੀ ਵਾਰੀ ਸਿਰ ਜਾਣਾ ਹੈ, ਕਿਸੇ ਦਾ ਕਿਆਮ ਸਦੀਵੀ ਨਹੀਂ ਹੈ।
(ਰਾਗ ਰਾਮਕਲੀ, ਗੁਰੂ ਨਾਨਕ)

ਸਮਾਂ ਅਜਿਹਾ ਵਿਸਤਾਰ ਹੈ ਜਿਸ ਦੀ ਥਾਹ ਨਹੀਂ ਪਾਈ ਜਾ ਸਕਦੀ। ਇਹ ਅਤਿ ਸੂਖ਼ਮ ਪਲ ਹੈ ਜਿਸ ਦਾ ਕੋਈ ਭੂਤ ਅਤੇ ਭਵਿੱਖ ਨਹੀਂ ਹੈ। ਜਦੋਂ ਸਭ ਜੱਗ ਚੱਲਣਹਾਰ ਹੈ ਤਾਂ ਡੇਰਾ ਲਗਾਉਣ ਦਾ ਕੀ ਮਾਅਨਾ ਹੈ? ਹਰ ਪਲ ਨੂੰ ਅੰਤਿਮ ਸਮਝ ਕੇ ਜੀਵਿਆ ਜਾਵੇ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨਾਨਕਮੱਤਾ ਤੋਂ ਨਾਨਕਪੁਰੀ ਟਾਂਡਾ ਅਤੇ ਗੋਲਾ ਗੋਕਰਨ ਨਾਥ ਰਾਹੀਂ ਅਯੋਧਿਆ ਪਹੁੰਚੇ।

ਪਹਿਲਾਂ ਉਹ ਨਾਨਕਮੱਤਾ ਤੋਂ ਪੱਛਮ ਵਾਲੇ ਪਾਸੇ ਟਾਂਡਾ ਪਹੁੰਚੇ ਜਿਸ ਨੂੰ ਹੁਣ ਨਾਨਕਪੁਰੀ ਟਾਂਡਾ ਕਿਹਾ ਜਾਂਦਾ ਹੈ।

ਅਸੀਂ ਹੁਣ ਨਾਨਕਮੱਤਾ ਤੋਂ ਨਾਨਕਪੁਰੀ ਟਾਂਡਾ ਜਾ ਰਹੇ ਹਾਂ ਜੋ ਰਾਮਪੁਰ ਜ਼ਿਲ੍ਹੇ ਦਾ ਛੋਟਾ ਜਿਹਾ ਕਸਬਾ ਹੈ। ਇਹ ਇਲਾਕਾ ਝੋਨੇ ਦੀ ਖੇਤੀ ਲਈ ਮਸ਼ਹੂਰ ਹੈ।

ਨਾਨਕਪੁਰੀ ਟਾਂਡਾ ਵਿੱਚ ਅਸੀਂ ਗੁਰਦਵਾਰਾ ਨਾਨਕਪੁਰੀ ਟਾਂਡਾ ਜਾ ਰਹੇ ਹਾਂ ਜੋ ਗੁਰੂ ਨਾਨਕ ਦੀ ਇਸ ਅਸਥਾਨ ਉੱਤੇ ਆਮਦ ਦੀ ਯਾਦ ਵਿੱਚ ਬਣਾਇਆ ਗਿਆ ਹੈ।

**ਅਮਰਦੀਪ ਸਿੰਘ:** ਟਾਂਡਾ ਤਰਾਈ ਇਲਾਕੇ ਦਾ ਕਸਬਾ ਹੈ। ਚੌਦ੍ਹਵੀਂ ਸਦੀ ਵਿੱਚ ਇਹ ਸੌਦਾਗਰਾਂ ਦੀ ਠਾਹਰ ਸੀ ਅਤੇ ਇੱਥੇ ਬਹੁਤ ਸਾਰੇ ਖ਼ਾਨਾਬਦੋਸ਼ ਆਬਾਦ ਸਨ।

ਜਦੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਟਾਂਡਾ ਪਹੁੰਚੇ ਤਾਂ ਇੱਕ ਖ਼ਾਨਾਬਦੋਸ਼ ਪਰਿਵਾਰ ਆਪਣੇ ਪੁੱਤ ਦੇ ਜਨਮ ਦੀਆਂ ਖ਼ੁਸ਼ੀਆਂ ਮਨਾ ਰਿਹਾ ਸੀ। ਹੋਣੀ ਦੇ ਲਿਖੇ ਮੁਤਾਬਕ ਨਿਆਣਾ ਅਗਲੇ ਦਿਨ ਚਲਾਣਾ ਕਰ ਗਿਆ। ਖ਼ੁਸ਼ੀਆਂ ਮਨਾਉਣ ਵਾਲੇ ਲੋਕ ਕੁਝ ਘੰਟਿਆਂ ਬਾਅਦ ਹੀ ਮਾਤਮ ਮਨਾ ਰਹੇ ਸਨ। ਸੋਗਜ਼ਦਾ ਪਰਿਵਾਰ ਦਾ ਧੀਰਜ ਬੰਨ੍ਹਾਉਣ ਲਈ ਗੁਰੂ ਨਾਨਕ ਨੇ ਸਮਝਾਇਆ ਕਿ ਖ਼ੁਸ਼ੀ ਅਤੇ ਗ਼ਮੀ ਵਕਤ ਦੇ ਅਥਰੇ ਘੋੜੇ ਉੱਤੇ ਸਵਾਰ ਪਲ ਮਾਤਰ ਹਨ। ਜਨਮ ਅਤੇ ਮਰਨ ਤਾਂ ਜ਼ਿੰਦਗੀ ਦੀ ਖੇਡ ਹੈ ਅਤੇ ਕੁਦਰਤ ਦਾ ਨੇਮ ਹੈ। ਇਨ੍ਹਾਂ ਨਾਲ ਟਿਕਾਣਾ ਕਰ ਲੈਣਾ ਤਾਂ ਬੇਅਰਥ ਹੈ। ਦਾਨਾਈ ਨਾਲ ਜਿਊਂਈ ਛੋਟੀ ਜ਼ਿੰਦਗੀ ਕਿਸੇ ਭਰਮ ਵਿੱਚ ਕੱਟੀ ਲੰਮੀ ਜ਼ਿੰਦਗੀ ਨਾਲੋਂ ਜ਼ਿਆਦਾ ਸ਼ਾਨਦਾਰ ਹੈ।

ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ॥
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ॥
(ਸਿਰੀ ਰਾਗ, ਗੁਰੂ ਨਾਨਕ)

ਪ੍ਰਾਣੀ ਬਿਨਾਂ ਸੋਚ-ਵਿਚਾਰ ਕੀਤੇ ਮਾਇਆ ਜਾਲ ਵਿੱਚ ਫਸ ਜਾਂਦਾ ਹੈ।
ਪਦਾਰਥਵਾਦ ਵਿੱਚ ਗ਼ਲਤਾਨ ਅਤੇ ਜਵਾਨੀ ਦੇ ਨਸ਼ੇ ਵਿੱਚ ਧੁੱਤ ਦੁਰਲੱਭ ਮਨੁੱਖਾ ਜੀਵਨ ਅਜਾਈਂ ਜਾ ਰਿਹਾ ਹੈ ਬਿਨਾਂ ਸੋਚ-ਵਿਚਾਰ ਕੀਤੇ।
(ਸਿਰੀ ਰਾਗ, ਗੁਰੂ ਨਾਨਕ)

ਸਾਡੀਆਂ ਸੋਚਾਂ ਖ਼ਾਨਾਬਦੋਸ਼ਾਂ ਵਾਂਗ ਭਟਕਦੀਆਂ ਰਹਿੰਦੀਆਂ ਹਨ। ਅਸੀਂ ਨਿਗੂਣੇ ਸੁੱਖਾਂ ਲਈ ਬੇਮਕਸਦ ਭਟਕਦੇ ਹਾਂ ਅਤੇ ਪਾਲਣਹਾਰ ਦੇ ਗੁਣਾਂ ਉੱਤੇ ਵਿਚਾਰ ਕਰਨ ਵਿੱਚ ਨਾਕਾਮਯਾਬ ਰਹਿੰਦੇ ਹਾਂ। ਪਦਾਰਥਵਾਦ ਵਿੱਚ ਬੇਧਿਆਨੀ ਨਾਲ ਗ਼ਲਤਾਨ ਹੋ ਕੇ ਅਸੀਂ ਇਲਾਹੀ ਜੀਵਨ ਬੇਅਰਥ ਗਵਾ ਰਹੇ ਹਾਂ ਅਤੇ ਇਹ ਅਹਿਸਾਸ ਨਹੀਂ ਕਰਦੇ ਕਿ ਜ਼ਿੰਦਗੀ ਮਿਥਿਆ ਹੈ ਅਤੇ ਮੌਤ ਅਟੱਲ ਹੈ।

ਇਸ ਛੋਟੇ ਜਿਹੇ ਕਸਬੇ ਟਾਂਡਾ ਵਿੱਚ ਇੱਕ-ਦੂਜੇ ਦੇ ਲਾਗੇ ਪੰਜ ਗੁਰਦਵਾਰੇ ਹਨ। ਇਹ ਗੁਰਦਵਾਰੇ ਗੁਰੂ ਨਾਨਕ ਦੀ ਇਸ ਅਸਥਾਨ ਉੱਤੇ ਆਮਦ ਨੂੰ ਅਜਿਹੇ ਬਿਰਤਾਂਤ ਨਾਲ ਜੋੜ ਕੇ ਵੇਖਦੇ ਹਨ ਜੋ ਸਭ ਤੋਂ ਪੁਰਾਤਨ 'ਜਨਮਸਾਖੀਆਂ' ਵਿੱਚ ਦਰਜ ਨਹੀਂ ਹੈ। ਇਸ ਬਿਰਤਾਂਤ ਮੁਤਾਬਕ ਜਦੋਂ ਗੁਰੂ ਨਾਨਕ ਨੇ ਇਸ ਅਸਥਾਨ ਦਾ ਦੌਰਾ ਕੀਤਾ ਤਾਂ ਇਹ ਇਲਾਕਾ ਰੋਹੇਲਖੰਡ ਅਖਵਾਉਂਦਾ ਸੀ। ਇਹ ਗ਼ੁਲਾਮਾਂ ਦੀ ਸੌਦਾਗਰੀ ਲਈ ਬਦਨਾਮ ਸੀ। ਕਹਾਣੀ ਇਹ ਸੁਣਾਈ ਜਾਂਦੀ ਹੈ ਕਿ ਗੁਰੂ ਨਾਨਕ ਨੇ ਆਪਣੇ-ਆਪ ਨੂੰ ਨੌਜਵਾਨ ਬਣਾ ਲਿਆ ਤਾਂ 'ਰੋਹੀਲਾ ਪਠਾਨ' ਨੇ ਉਨ੍ਹਾਂ ਨੂੰ ਉਧਾਲ ਕੇ ਚਾਰ ਵਾਰ ਵੇਚਿਆ। ਅੱਗੇ ਕਹਾਣੀ ਇੰਝ ਹੈ ਕਿ ਗੁਰੂ ਨਾਨਕ ਨੇ ਕੌਤਕ ਕੀਤਾ ਤਾਂ ਇੱਕ ਖੂਹ ਸੁਕਾ ਦਿੱਤਾ, ਇੱਕ ਫਲਿਆ ਬਾਗ਼ ਉਜਾੜ ਦਿੱਤਾ, ਭਰਿਆ ਮੋਦੀਖ਼ਾਨਾ ਖਾਲੀ ਕਰ ਦਿੱਤਾ ਅਤੇ ਇੱਕ ਭੇਡ ਨੂੰ ਜਿਊਂਦਾ ਕਰਨ ਲਈ ਮਾਰ ਦਿੱਤਾ। ਹਰ ਮੌਕੇ ਉਨ੍ਹਾਂ ਨੇ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜ ਦਿੱਤੀਆਂ।

ਗੁਰੂ ਨਾਨਕ ਨੇ ਆਪਣੀ ਬਾਣੀ ਵਿੱਚ 'ਹੁਕਮ' ਸ਼ਬਦ ਦਾ ਬਹੁਤ ਇਸਤੇਮਾਲ ਕੀਤਾ; ਸ਼ਾਇਦ ਉਹ ਇਸ ਦੀ ਅਹਿਮੀਅਤ ਨੂੰ ਉਘਾੜਨਾ ਚਾਹੁੰਦੇ ਸਨ। ਮੈਨੂੰ ਯਕੀਨ ਹੈ ਕਿ ਉਨ੍ਹਾਂ ਨੇ ਗ਼ੁਲਾਮਾਂ ਦੇ ਸੌਦਾਗਰਾਂ ਨੂੰ ਟੋਕਿਆ ਹੋਵੇਗਾ ਅਤੇ ਉਨ੍ਹਾਂ ਨੂੰ ਆਪਣੀ ਸਿਆਣਪ ਦੇ ਅਲਫ਼ਾਜ਼ ਅਤੇ ਦਲੀਲ ਨਾਲ ਤਬਦੀਲ ਕੀਤਾ ਹੋਵੇਗਾ। ਮੈਂ

ਸੋਚਦਾ ਹਾਂ ਕਿ ਕਿਤੇ ਇਹ ਸਾਡੀ, ਗੁਰੂ ਨਾਨਕ ਦੇ ਫ਼ਲਸਫ਼ੇ ਦੀ ਡੂੰਘਾਈ ਦੀ ਥਾਹ ਪਾ ਸਕਣ ਦੀ ਨਾਕਾਬਲੀਅਤ ਤਾਂ ਨਹੀਂ ਕਿ ਅਸੀਂ ਉਨ੍ਹਾਂ ਨੂੰ ਅਜਿਹੇ ਬਿਰਤਾਂਤ ਰਾਹੀਂ ਪੇਸ਼ ਕਰਨ ਦਾ ਤਰੱਦਦ ਕਰਦੇ ਹਾਂ ਜੋ ਸਾਡੇ ਸਤਿਹੀ ਅਤੇ ਸੀਮਤ ਸੋਚ-ਵਿਚਾਰ ਦਾ ਨਤੀਜਾ ਹੈ।

ਨਦਰਿ ਕਰਹਿ ਤੂ ਤਾਰਹਿ ਤਰੀਐ ਸਚੁ ਦੇਵਹੁ ਦੀਨ ਦਇਆਲਾ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਤੂ ਸਰਬ ਜੀਆ ਪ੍ਰਤਿਪਾਲਾ॥
(ਰਾਗ ਤੁਖਾਰੀ, ਗੁਰੂ ਨਾਨਕ)

ਪਰਿਵਰਤਨ ਲਈ ਗਿਆਨ ਬਖਸ਼। ਹਲੀਮ ਮਨੁੱਖ ਨੂੰ ਸੱਚ ਨਾਲ ਵਰੋਸਾਓ, ਹੇ ਦਇਆਵਾਨ।
ਨਾਨਕ ਦਾਸਾਂ ਦਾ ਦਾਸ ਹੋਣ ਦੀ ਬੇਨਤੀ ਗੁਜ਼ਾਰਦਾ ਹੈ। ਦਇਆਵਾਨੀ ਹੀ ਸਭ ਦੀ ਪਾਲਣਹਾਰ ਹੈ।
(ਰਾਗ ਤੁਖਾਰੀ, ਗੁਰੂ ਨਾਨਕ)

ਦੁਨਿਆਵੀ ਝਮੇਲਿਆਂ ਵਿੱਚ ਫਸਿਆ ਮਨੁੱਖਾ ਮਨ ਫ਼ਲਸਫ਼ੇ ਦੀਆਂ ਡੂੰਘੀਆਂ ਤੰਦਾਂ ਦੀ ਸਲਾਹੀਅਤ ਤੋਂ ਊਣਾ ਹੁੰਦਾ ਹੈ ਅਤੇ ਸਤਹੀ ਪੱਧਰ ਉੱਤੇ ਵਿਚਰਦਾ ਹੈ। ਗੁਰੂ ਨਾਨਕ ਦਾ ਗ਼ੁਲਾਮੀ ਬਾਰੇ ਗੂੜ੍ਹ ਸੁਨੇਹਾ ਹੈ ਕਿ ਉਹ ਉਸ ਦੇ ਦਾਸ ਹੋਣ ਲਈ ਤਿਆਰ ਹਨ ਜੋ ਸਿਰਜਣਾ ਨਾਲ ਇੱਕਸੁਰ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਨਾਨਕਪੁਰੀ ਟਾਂਡਾ ਤੋਂ ਦੱਖਣ-ਪੂਰਬ ਵਾਲੇ ਪਾਸੇ ਨੂੰ ਗੋਲਾ ਗੋਕਰਨ ਨਾਥ ਦਾ ਸਫ਼ਰ ਕੀਤਾ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਨਾਨਕਪੁਰੀ ਟਾਂਡਾ ਤੋਂ ਗੋਲਾ ਗੋਕਰਨ ਨਾਥ ਜਾ ਰਹੇ ਹਾਂ ਜੋ ਲਖੀਮਪੁਰ ਖੇੜੀ ਸ਼ਹਿਰ ਦੇ ਲਾਗੇ ਹੈ।

ਗੁਰੂ ਨਾਨਕ ਦੇ ਦੌਰ ਵਿੱਚ ਤਰਾਈ ਇਲਾਕੇ ਵਿੱਚ ਜੰਗਲ ਘਣਾ ਅਤੇ ਆਬਾਦੀ ਛਿੱਦੀ ਸੀ।

**ਅਮਰਦੀਪ ਸਿੰਘ:** ਗੋਲਾ ਪੁਰਾਤਨ ਸ਼ਹਿਰ ਹੈ ਜੋ ਗੋਲਾ ਗੋਕਰਨ ਸ਼ਿਵ ਮੰਦਿਰ ਲਈ ਮਸ਼ਹੂਰ ਸੀ ਅਤੇ 'ਨਾਥ ਜੋਗੀਆਂ' ਦਾ ਮਰਕਜ਼ ਸੀ। ਜਦੋਂ ਗੁਰੂ ਨਾਨਕ ਇਸ ਅਸਥਾਨ ਉੱਤੇ ਪਧਾਰੇ ਤਾਂ ਸਾਰਧਾ ਨਦੀ ਗੋਲਾ ਸ਼ਹਿਰ ਦੇ ਨਾਲ ਵਗਦੀ ਸੀ ਪਰ ਹੁਣ ਪਿੱਛੇ ਹਟ ਗਈ ਹੈ।

ਅਸੀਂ ਗੋਲਾ ਗੋਕਰਨ ਨਾਥ ਦੇ ਪੁਰਾਤਨ ਸ਼ਿਵ ਮੰਦਿਰ ਜਾ ਰਹੇ ਹਾਂ। ਸ਼ਿਵ ਹਿੰਦੂ ਧਰਮ ਦੀ ਤ੍ਰਿਮੂਰਤੀ ਵਿੱਚ ਤਬਾਹ ਕਰਨ ਵਾਲੀ ਸ਼ਕਤੀ ਹੈ। ਸੋਲ੍ਹਵੀਂ ਸਦੀ ਵਿੱਚ 'ਨਾਥ ਜੋਗੀ' ਇਸ ਮੰਦਿਰ ਦਾ ਅਖੰਡ ਹਿੱਸਾ ਸਨ। ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਨਾਨਕ ਗੋਲਾ ਗੋਕਰਨ ਨਾਥ ਪਧਾਰੇ ਤਾਂ ਉਨ੍ਹਾਂ ਦੀ 'ਨਾਥ ਜੋਗੀਆਂ' ਨਾਲ ਗੋਸ਼ਟਿ ਹੋਈ।

ਗੋਲਾ ਗੋਕਰਨ ਨਾਥ ਮੰਦਿਰ ਵਿੱਚ ਸ਼ਿਵ ਦੀ ਨੁਮਾਇੰਦਗੀ ਕਰਨ ਵਾਲਾ 'ਸ਼ਿਵਲਿੰਗ' ਇੱਥੇ ਲਿੰਗ ਵਜੋਂ ਸਥਾਪਿਤ ਨਹੀਂ ਹੈ ਸਗੋਂ ਇਸ ਦੇ ਨਕਸ਼ ਗਾਂ ਦੇ ਕੰਨ ਨਾਲ ਮਿਲਦੇ ਹਨ। ਸਾਖੀ ਇਹ ਸੁਣਾਈ ਜਾਂਦੀ ਹੈ ਕਿ

ਸ਼ਿਵ ਦਾ ਸ਼ਰਧਾਲੂ, ਰਾਜਾ ਰਾਵਨ, ਵਿਦਵਾਨ ਹੋਣ ਦੇ ਨਾਲ ਬਹੁਤ ਮਗ਼ਰੂਰ ਸੀ। ਉਸ ਤੋਂ ਜਦੋਂ 'ਸ਼ਿਵਲਿੰਗ' ਚੁੱਕਿਆ ਨਾ ਗਿਆ ਤਾਂ ਉਸ ਨੇ ਹਤਾਸ਼ ਹੋ ਕੇ ਇਸ ਨੂੰ ਹੇਠਾਂ ਦਬਾ ਦਿੱਤਾ। ਉਸ ਵਿਦਵਾਨ ਅਤੇ ਬਦਨਾਮ ਰਾਜਾ ਰਾਵਨ ਅਤੇ ਇਸ ਅਸਥਾਨ ਨਾਲ ਜੁੜੀ ਸਾਖੀ ਨੂੰ ਯਾਦ ਕਰ ਕੇ ਮੇਰੇ ਮਨ ਵਿੱਚ ਵਿਚਾਰ ਚਲਦਾ ਹੈ ਕਿ ਵਿਵੇਕ, ਸ਼ਰਧਾ ਅਤੇ ਅਗਿਆਨਤਾ ਕੀ ਹਨ?

ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ॥
ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ॥
(ਰਾਗ ਮਲਾਰ, ਗੁਰੁ ਨਾਨਕ)

ਮਨੁੱਖ ਦੇ ਅੰਦਰ ਅਗਿਆਨਤਾ, ਦੁੱਖ ਅਤੇ ਭਰਮ ਹਨ। ਇਨ੍ਹਾਂ ਤੋਂ ਛੁਟਕਾਰਾ ਗਿਆਨ ਨਾਲ ਮਿਲਦਾ ਹੈ।
ਆਤਮ-ਪੜਚੋਲ ਨਾਲ ਵਰੋਸਾਇਆ ਮਨੁੱਖ ਹੀ ਵਿਚਾਰ ਅਤੇ ਧਿਆਨ ਨਾਲ ਇੱਕਸੁਰ ਹੁੰਦਾ ਹੈ।
(ਰਾਗ ਮਲਾਰ, ਗੁਰੁ ਨਾਨਕ)

ਮੇਰੀ ਆਪਣੀ ਨਿਮਾਣੀ ਜਿਹੀ ਸਮਝ ਹੈ ਕਿ ਜੇ ਕਿਸੇ ਗਿਆਨਵਾਨ ਨੇ ਹਉਮੈਂ ਪਾਲ਼ ਰੱਖੀ ਹੈ ਤਾਂ ਉਹ ਅਗਿਆਨੀ ਹੈ। ਅਗਿਆਨਤਾ ਦੇ ਮੂਲ ਦੀ ਪਛਾਣ ਹੀ ਸੱਚਾ ਗਿਆਨ ਹੈ। ਇਸ ਇਤਫ਼ਾਕ ਦਾ ਨੇਮ ਹੀ ਸ਼ਰਧਾ ਹੈ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਕੁਝ ਵਲ਼ ਪਾ ਕੇ ਚਲਦੇ ਹਾਂ ਅਤੇ ਉਨ੍ਹਾਂ ਸੰਤਾਂ ਨੂੰ ਆਪਣੇ ਸਫ਼ਰ ਵਿੱਚ ਸ਼ਾਮਿਲ ਕਰ ਰਹੇ ਹਾਂ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤੀ ਗਈ। ਕੁਝ ਸੰਤ ਗੁਰੂ ਨਾਨਕ ਤੋਂ ਪਹਿਲਾਂ ਹੋਏ ਸਨ ਅਤੇ ਕੁਝ ਉਨ੍ਹਾਂ ਦੇ ਸਮਕਾਲੀ ਸਨ।

ਗੁਰੂ ਨਾਨਕ ਦੇ ਦੌਰ ਵਿੱਚ ਹਿੰਦੂ ਅਤੇ ਇਸਲਾਮ ਮਜ਼ਹਬਾਂ ਦੇ ਪੈਰੋਕਾਰਾਂ ਲਈ ਮਜ਼ਹਬ ਦੇ ਮਾਅਨੇ ਪੁਜਾਰੀਆਂ ਅਤੇ ਮੁਲਾਣਿਆਂ ਦੇ ਹੁਕਮਾਂ ਅਤੇ ਕਰਮ-ਕਾਂਡ ਦੀਆਂ ਰਵਾਇਤੀ ਲੀਹਾਂ ਉੱਤੇ ਚੱਲਣਾ ਮਾਤਰ ਸਨ। ਸਮੇਂ ਦੇ ਨਾਲ ਇਸ ਦਸਤੂਰ ਨੇ ਬੁਨਿਆਦੀ ਫ਼ਲਸਫ਼ੇ ਦਾ ਘੇਰਾ ਤੰਗ ਕਰਨਾ ਸ਼ੁਰੂ ਕਰ ਦਿੱਤਾ। ਦਸਵੀਂ ਸਦੀ ਵਿੱਚ ਆਵਾਮ ਅਤੇ ਮਜ਼ਹਬ ਵਿਚਲੇ ਪਾੜੇ ਨੂੰ ਪੂਰਨ ਲਈ ਭਾਰਤੀ ਉਪ-ਮਹਾਂਦੀਪ ਵਿੱਚ ਦੋ ਰੂਹਾਨੀ ਲਹਿਰਾਂ ਇੱਕੋ ਵੇਲੇ ਆਈਆਂ। ਹਿੰਦੂ ਧਰਮ ਵਿੱਚ 'ਭਗਤੀ ਲਹਿਰ' ਅਤੇ ਇਸਲਾਮ ਵਿੱਚ 'ਸੂਫ਼ੀ ਸਿਲਸਿਲੇ' ਸ਼ੁਰੂ ਹੋਏ। ਨਾਬਰੀ ਦੀਆਂ ਦੋਵਾਂ ਲਹਿਰਾਂ ਨੇ ਆਪਣਾ ਇਜ਼ਹਾਰ ਮੁਕਾਮੀ ਬੋਲੀਆਂ ਵਿੱਚ ਸ਼ਾਇਰੀ ਰਾਹੀਂ ਕੀਤਾ ਅਤੇ ਦੋਵਾਂ ਨੇ ਇੱਕੋ ਸਿਰਜਣਹਾਰ ਨੂੰ ਸਿਜਦਾ ਕੀਤਾ ਜੋ ਕਣ-ਕਣ ਵਿੱਚ ਸਮਾਇਆ ਹੈ।

ਗੁਰੂ ਨਾਨਕ ਵੀ ਇੱਕੋ ਸਿਰਜਣਹਾਰ ਦੇ ਤਰਜ਼ਮਾਨ ਸਨ-ਇਹ ਫ਼ਲਸਫ਼ਾ ਏਕੇ ਦਾ ਹਮਾਇਤੀ ਸੀ ਅਤੇ ਦਵੈਤ ਨੂੰ ਰੱਦ ਕਰਦਾ ਸੀ। ਉਨ੍ਹਾਂ ਦਾ ਫ਼ਲਸਫ਼ਾ ਰੂਹਾਨੀਅਤ ਦੀਆਂ 'ਭਗਤੀ' ਅਤੇ 'ਸੂਫ਼ੀ' ਧਾਰਾਵਾਂ ਨਾਲ ਇੱਕਸੁਰ ਸੀ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਕੁਝ ਵਲ਼ ਪਾ ਕੇ ਕਨੌਜ ਜਾ ਰਹੇ ਹਾਂ ਜੋ ਭਗਤ ਪਰਮਾਨੰਦ ਨਾਲ ਜੁੜਿਆ ਸ਼ਹਿਰ ਹੈ।

ਮੰਨਿਆ ਜਾਂਦਾ ਹੈ ਕਿ ਭਗਤ ਪਰਮਾਨੰਦ ਅਤੇ ਗੁਰੂ ਨਾਨਕ ਸਮਕਾਲੀ ਸਨ। ਉਨ੍ਹਾਂ ਦੇ ਮੇਲ ਦੀ ਕੋਈ ਗਵਾਹੀ ਨਹੀਂ ਮਿਲਦੀ ਪਰ ਉਨ੍ਹਾਂ ਦਾ ਇੱਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹੋਣਾ ਗਵਾਹੀ ਭਰਦਾ ਹੈ ਕਿ ਉਨ੍ਹਾਂ ਦੀਆਂ ਸੋਚਾਂ ਮੇਲ਼ ਖਾਂਦੀਆਂ ਹਨ। ਭਗਤ ਪਰਮਾਨੰਦ ਦੇ ਬਾਰੇ ਜਾਣਕਾਰੀ ਬਹੁਤ ਘੱਟ ਹੈ। ਇੱਕ ਪਾਸੇ ਇਹ ਮੰਨਿਆ ਜਾਂਦਾ ਹੈ ਕਿ ਉਹ ਮਹਾਂਰਾਸ਼ਟਰ ਸੂਬੇ ਵਿੱਚ ਬਾਰਸ਼ੀ ਦੇ ਵਾਸੀ ਸਨ ਪਰ ਦੂਜੇ ਪਾਸੇ ਉਨ੍ਹਾਂ ਦੀ ਪਛਾਣ ਉੱਤਰ ਪ੍ਰਦੇਸ਼ ਦੇ ਕਨੌਜ ਵਾਲੇ ਬ੍ਰਾਹਮਣ ਪਰਮਾਨੰਦ ਦਾਸ ਵਜੋਂ ਕੀਤੀ ਜਾਂਦੀ ਹੈ।

ਕਨੌਜ ਵਿੱਚ ਅਸੀਂ ਭਗਤ ਪਰਮਾਨੰਦ ਦੀ ਕੋਈ ਯਾਦਗਾਰ ਲੱਭਣ ਦਾ ਅਣਥੱਕ ਉਪਰਾਲਾ ਕੀਤਾ। ਮੰਦੇਭਾਗੀਂ, ਕਿਸੇ ਨਿਵਾਸੀ ਨੂੰ ਉਸ ਸਿਦਕੀ ਸੰਤ ਬਾਰੇ ਪਤਾ ਨਹੀਂ ਸੀ।

ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥
(ਰਾਗ ਤਿਲੰਗ, ਗੁਰੂ ਨਾਨਕ)

ਚੰਦਨ ਵਾਂਗ ਸੰਤਾਂ ਦੀ ਮਹਿਕ ਚੌਂਹ-ਪਾਸੀਂ ਫੈਲਦੀ ਹੈ।
(ਰਾਗ ਤਿਲੰਗ, ਗੁਰੂ ਨਾਨਕ)

ਚੰਦਨ ਦਾ ਦਰੱਖ਼ਤ ਆਪਣੇ ਆਲੇ-ਦੁਆਲੇ ਨੂੰ ਖ਼ੁਸ਼ਬੂ ਨਾਲ ਭਰ ਦਿੰਦਾ ਹੈ। ਇਸੇ ਤਰ੍ਹਾਂ ਸਦਬੁੱਧੀ ਲੋਕ ਆਪਣੇ ਪਿਆਰ ਨਾਲ ਸਿਆਣਪ ਦਾ ਚੁਫ਼ੇਰੇ ਛੱਟਾ ਦਿੰਦੇ ਹਨ ਅਤੇ ਸਮਾਜ ਵਿੱਚ ਇਤਫ਼ਾਕ ਦੀ ਖ਼ੁਸ਼ਬੂ ਫੈਲਾਉਂਦੇ ਹਨ।

ਇਸ ਵੇਲੇ ਕਨੌਜ ਅਤਰ ਬਣਾਉਣ ਦਾ ਮਸ਼ਹੂਰ ਕੇਂਦਰ ਹੈ। ਖ਼ੁਸ਼ਬੂ ਦੀ ਤਾਕਤ ਹੈ ਕਿ ਇਹ ਨਜ਼ਰ ਨਹੀਂ ਆਉਂਦੀ ਪਰ ਮਹਿਕ ਖਿਲਾਰਦੀ ਹੈ। ਇਸੇ ਤਰ੍ਹਾਂ ਭਾਵੇਂ ਕਨੌਜ ਸ਼ਹਿਰ ਨੂੰ ਭਗਤ ਪਰਮਾਨੰਦ ਯਾਦ ਨਹੀਂ ਹਨ ਪਰ ਉਨ੍ਹਾਂ ਦੇ ਫ਼ਲਸਫ਼ੇ ਦੀ ਖ਼ੁਸ਼ਬੂ ਦੂਰ-ਦੂਰ ਤੱਕ ਫੈਲੀ ਹੋਈ ਹੈ।

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥
ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥
(ਰਾਗ ਸਾਰੰਗ, ਭਗਤ ਪਰਮਾਨੰਦ)

ਹੇ ਮਨੁੱਖ, ਤੂੰ ਗ੍ਰੰਥ ਸੁਣ ਕੇ ਕੀ ਸਮਝਿਆ ਹੈ?
ਤੇਰੇ ਅੰਦਰ ਸ਼ਰਧਾ ਦੀ ਕਰੂੰਬਲ ਨਹੀਂ ਫੁੱਟੀ ਅਤੇ ਨਾ ਹੀ ਤੇਰੇ ਮਨ ਵਿੱਚ ਲੋੜਵੰਦਾਂ ਨੂੰ ਖ਼ੈਰਾਤ ਦੇਣ ਦਾ ਜਜ਼ਬਾ ਹੈ।
ਤੇਰੇ ਮਨ ਦਾ ਜ਼ੁਲਮ ਤੋਂ ਛੁਟਕਾਰਾ ਨਹੀਂ ਹੋਇਆ ਅਤੇ ਦਇਆ ਦਾ ਤੇਰੇ ਅੰਦਰ ਵਾਸ ਨਹੀਂ ਹੋਇਆ।

ਪਰਮਾਨੰਦ ਨੇ ਸੁਆਲ ਕੀਤਾ ਕਿ ਤੂੰ ਸਦਗੁਣਾਂ ਦੀ ਸੰਗਤ ਵਿੱਚ ਗਿਆਨ ਦੇ ਰਾਹਾਂ ਦਾ ਪਾਂਧੀ ਕਿਉਂ ਨਹੀਂ ਬਣਿਆ?
(ਰਾਗ ਸਾਰੰਗ, ਭਗਤ ਪਰਮਾਨੰਦ)

ਭਗਤ ਪਰਮਾਨੰਦ ਨੇ ਆਪਣੇ ਇਸ ਸ਼ਬਦ ਵਿੱਚ ਸ਼ਰਧਾ ਦੀ ਸੰਜੀਦਗੀ ਅਤੇ ਇਖ਼ਲਾਕੀ ਵਿਹਾਰ ਨੂੰ ਕਰਮ-ਕਾਂਡ ਤੋਂ ਵਧੇਰੇ ਅਹਿਮੀਅਤ ਨਾਲ ਉਘਾੜਿਆ ਹੈ। ਮੁਕੱਦਸ ਕਿਤਾਬਾਂ ਦਾ ਬੇਧਿਆਨਾ ਪਾਠ ਕਿਸੇ ਮਨੁੱਖ ਦੇ ਕਿਰਦਾਰ ਦੀ ਮੈਲ ਨਹੀਂ ਧੋ ਸਕਦਾ। ਸਹੀ ਸੋਚ ਨਾਲ ਜੋਟੀ ਪਾ ਕੇ ਸ਼ਰਧਾ ਦੇ ਸਮੁੰਦਰ ਵਿੱਚ ਤਾਰੀ ਲਗਾਈ ਜਾ ਸਕਦੀ ਹੈ।

ਕਨੌਜ ਤੋਂ ਅਯੋਧਿਆ ਜਾਂਦੇ ਹੋਏ ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਇੱਕ ਹੋਰ ਵਲ਼ ਪਾ ਰਹੇ ਹਾਂ। ਅਸੀਂ ਕਾਕੋਰੀ ਵਿੱਚ ਸੰਤ ਭੀਖਨ ਸ਼ਾਹ ਦੀਆਂ ਯਾਦਾਂ ਫਰੋਲਣ ਜਾ ਰਹੇ ਹਾਂ ਜਿਨ੍ਹਾਂ ਦਾ ਫ਼ਲਸਫ਼ਾ ਗੁਰੂ ਨਾਨਕ ਨਾਲ ਮੇਲ਼ ਖਾਂਦਾ ਸੀ। ਭੀਖਨ ਸ਼ਾਹ ਕਾਕੋਰੀ ਪਿੰਡ ਦੇ ਸੂਫ਼ੀ ਸੰਤ ਸਨ। ਉਹ ਗੁਰੂ ਨਾਨਕ ਦੇ ਸਮਕਾਲੀ ਸਨ। ਉਨ੍ਹਾਂ ਦਾ ਜਨਮ ੧੪੮੩ ਵਿੱਚ ਹੋਇਆ। ਉਨ੍ਹਾਂ ਨੇ 'ਭਗਤੀ' ਅਤੇ 'ਸੂਫ਼ੀ' ਲਹਿਰਾਂ ਦੇ ਅਸਰ ਹੇਠ ਬੇਮਾਅਨਾ ਕਰਮ-ਕਾਂਡ ਅਤੇ ਰਹੁ-ਰੀਤਾਂ ਦੀ ਨਿਖੇਧੀ ਕੀਤੀ।

ਇਤਿਹਾਸਕਾਰ ਬਦਾਉਨੀ ਨੇ ਲਿਖਿਆ ਹੈ ਕਿ ਭੀਖਨ ਸ਼ਾਹ ਮਹਾਨ ਵਿਦਵਾਨ ਸਨ। ਪੜ੍ਹਾਉਣ ਅਤੇ ਗਿਆਨ ਵਰਤਾਉਣ ਵਿੱਚ ਜੀਵਨ ਗੁਜ਼ਾਰਨ ਵਾਲੇ ਭੀਖਨ ਸ਼ਾਹ ਆਪਣੇ ਆਪ ਨੂੰ 'ਕਾਰੀ' ਸੱਦਦੇ ਸਨ ਜਿਸ ਦਾ ਮਾਅਨਾ ਹੈ ਵਿਦਿਆਰਥੀ, ਤਾਲਿਬਿ-ਇਲਮ। ਇਸ ਕਲਮੀ ਨਾਮ ਵਿੱਚੋਂ ਉਨ੍ਹਾਂ ਦੀ ਸ਼ਖ਼ਸੀਅਤ ਦੀ ਹਲੀਮੀ ਝਲਕਦੀ ਹੈ।

ਹਰਿ ਗੁਨ ਕਹਤੇ ਕਹਨੁ ਨ ਜਾਈ॥
ਜੈਸੇ ਗੂੰਗੇ ਕੀ ਮਿਠਿਆਈ॥
ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ॥
ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ॥
(ਰਾਗ ਸੋਰਠਿ, ਭਗਤ ਭੀਖਨ)

ਸਿਰਜਣਹਾਰੇ ਦੀ ਖ਼ਾਸੀਅਤ ਅਕਹਿ ਹੈ।
ਇਹ ਕਿਸੇ ਬੇਜ਼ੁਬਾਨ ਦਾ ਮਠਿਆਈ ਦਾ ਸੁਆਦ ਬਿਆਨ ਕਰਨ ਵਰਗਾ ਉਪਰਾਲਾ ਹੈ।
ਜਿਹੜੀ ਜੀਭ ਅਮਨ ਦੇ ਬੋਲ ਬੋਲਦੀ ਹੈ, ਜਿਹੜੇ ਕੰਨ ਅਮਨ ਦੇ ਬੋਲ ਸੁਣਦੇ ਹਨ ਅਤੇ ਜਿਹੜਾ ਮਨ ਗੋਸ਼ਟਿ ਕਰਦਾ ਹੈ, ਉਨ੍ਹਾਂ ਰਾਹੀਂ ਮਨੁੱਖ ਸ਼ਊਰ ਨਾਲ ਵਰੋਸਾਇਆ ਜਾਂਦਾ ਹੈ।
ਭੀਖਨ ਆਖਿਆ ਕਿ ਮੇਰੀਆਂ ਨਜ਼ਰਾਂ ਵਿੱਚ ਸੰਤੋਖ ਹੈ ਅਤੇ ਮੈਂ ਜਿਥੇ ਵੀ ਦੇਖਦਾ ਹਾਂ, ਸਿਰਜਣਹਾਰ ਨਜ਼ਰ ਆਉਂਦਾ ਹੈ।
(ਰਾਗ ਸੋਰਠਿ, ਭਗਤ ਭੀਖਨ)

ਜਿਵੇਂ ਕੋਈ ਬੋਲਣ ਤੋਂ ਆਰੀ ਮਨੁੱਖ ਮਿੱਠੇ ਦਾ ਸੁਆਦ ਬਿਆਨ ਨਹੀਂ ਕਰ ਸਕਦਾ, ਉਸੇ ਤਰ੍ਹਾਂ ਆਪੇ ਦੀ ਪਛਾਣ ਦੀ ਅਨੰਦਦਾਇਕ ਅਵਸਥਾ ਨੂੰ ਅਲਫ਼ਾਜ਼ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭੀਖਨ ਸ਼ਾਹ ਦੀ ਬਾਣੀ ਵਿਚਾਰ ਕਰਦੀ ਹੈ ਕਿ ਇਲਾਹੀ ਸਦਗੁਣ ਮਨੁੱਖੀ ਰੋਗਾਂ ਖ਼ਿਲਾਫ਼ ਸੰਜੀਵਨੀ ਬੂਟੀ ਦਾ ਕੰਮ ਕਰਦੇ ਹਨ। ਉਨ੍ਹਾਂ ਦੀ ਆਲ-ਔਲਾਦ ਨੇ ਇਸ ਅਧਿਐਨ ਕੇਂਦਰ ਰਾਹੀਂ ਉਨ੍ਹਾਂ ਦੀ ਸੋਚ ਨੂੰ ਜਿਉਂਦਾ ਰੱਖਿਆ ਹੈ।

**ਅਨਵਰ ਹਬੀਬ ਅਲਵੀ:** ਹਜ਼ਰਤ ਭੀਖਨ ਸ਼ਾਹ ਦੀਆਂ ਤਾਲਿਮਾਤ ਨਾਲ ਹਜ਼ਰਤ ਗੁਰੂ ਨਾਨਕ ਦੇਵ ਜੀ ਦਾ ਇਤਫ਼ਾਕ ਅਤੇ ਪਸੰਦੀਦਗੀ ਰਹੀ ਕਿ ਸਿਰਫ਼ ਇਨਸਾਨ ਇਨਸਾਨ ਨੂੰ ਪਛਾਣੇ, ਇੱਕ-ਦੂਜੇ ਦੀ ਭਲਾਈ ਦਾ ਕੰਮ ਕਰੇ। ਇੱਕ-ਦੂਜੇ ਨਾਲ ਮੁਹੱਬਤ ਕਰੇ। ਤਮਾਮ ਸੂਫ਼ੀਆਂ ਦੀ ਬਾਣੀ ਨੂੰ ਗੁਰੂ ਗਰੰਥ ਸਾਹਿਬ ਵਿੱਚ ਸ਼ਾਮਿਲ ਕੀਤਾ ਗਿਆ। ਸੂਫ਼ੀ ਬਜ਼ੁਰਗਾਂ ਦੇ ਸੰਦੇਸ਼ ਸੁਚੱਜੇ ਤਰੀਕੇ ਨਾਲ ਇੱਕ ਥਾਂ ਇਕੱਠੇ ਹੋਏ ਤਾਂ ਇਹ ਗਿਆਨ ਭੰਡਾਰ ਬਣ ਗਿਆ। ਸੰਸਾਰ ਦੇ ਲੋਕਾਂ ਨੂੰ ਜੋੜਨ ਦਾ ਵਾਹਿਦ ਸੂਤਰ ਪ੍ਰੇਮ ਹੈ।

ਸੁਣਿ ਸੁਣਿ ਬੂਝੈ ਮਾਨੈ ਨਾਉ॥
ਤਾ ਕੈ ਸਦ ਬਲਿਹਾਰੈ ਜਾਉ॥
(ਰਾਗੁ ਗਉੜੀ, ਗੁਰੂ ਨਾਨਕ)

ਜਿਹੜਾ ਮਨੁੱਖ ਸੁਣਨ, ਸਮਝਣ ਅਤੇ ਅਮਲ ਕਰਨ ਲਈ ਤਿਆਰ ਹੈ,
ਮੈਂ ਸਦਾ ਉਸ ਮਨੁੱਖ ਦੇ ਬਲਿਹਾਰੇ ਜਾਂਦਾ ਹਾਂ।
(ਰਾਗੁ ਗਉੜੀ, ਗੁਰੂ ਨਾਨਕ)

ਸਾਡੇ ਦੁਆਲੇ ਅਨਹਦ ਨਾਦ ਗੂੰਜਦੇ ਹਨ। ਕੋਈ ਰੌਸ਼ਨ ਜ਼ਮੀਰ ਮਨੁੱਖ ਗਿਆਨ ਦੀਆਂ ਇਨ੍ਹਾਂ ਸੁਰਾਂ ਨੂੰ ਸੁਣ ਕੇ ਥਾਹ ਪਾਉਂਦਾ ਹੈ ਅਤੇ ਇਨ੍ਹਾਂ ਉੱਤੇ ਅਮਲ ਕਰਦਾ ਹੈ। ਗੋਲਾ ਗੋਕਾਰਨ ਨਾਥ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸਾਰਦਾ ਨਦੀ ਵਿੱਚ ਕਿਸ਼ਤੀ ਰਾਹੀਂ ਸਫ਼ਰ ਕੀਤਾ ਅਤੇ ਸਾਰਦਾ-ਘਾਗਰਾ ਦੇ ਸੰਗਮ ਉੱਤੇ ਬ੍ਰਹਮਾ ਘਾਟ ਪੁੱਜੇ। ਇਸ ਤੋਂ ਅੱਗੇ ਉਹ ਘਾਗਰਾ ਨਦੀ ਵਿੱਚ ਕਿਸ਼ਤੀ ਰਾਹੀਂ ਅਯੋਧਿਆ ਗਏ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਕੁਝ ਵਲ਼ ਪਾਉਣ ਤੋਂ ਬਾਅਦ ਅਸੀਂ ਮੁੜ ਉਨ੍ਹਾਂ ਦੇ ਪਦਚਿੰਨ੍ਹਾਂ ਉੱਤੇ ਗੋਲਾ ਗੋਕਰਨ ਤੋਂ ਅਯੋਧਿਆ ਦਾ ਸਫ਼ਰ ਕਰ ਰਹੇ ਹਾਂ।

**ਅਮਰਦੀਪ ਸਿੰਘ:** ਘਾਗਰਾ ਨਦੀ ਜਿਸ ਨੂੰ ਸਰਯੂ ਵੀ ਕਹਿੰਦੇ ਹਨ, ਦੇ ਨਾਲ-ਨਾਲ ਅਯੋਧਿਆ ਵੱਸਿਆ ਹੈ। ਇਹ ਨਾਮ ਸੰਸਕ੍ਰਿਤ ਬੋਲੀ ਤੋਂ ਆਇਆ ਹੈ ਜਿਸ ਦਾ ਤਸ਼ਬੀਹੀ ਮਾਅਨਾ ਹੈ, ਉਹ ਥਾਂ ਜਿਸ ਨੂੰ ਬਦਅਮਲੀ ਨਾਲ ਜਿੱਤਿਆ ਨਹੀਂ ਜਾ ਸਕਦਾ।

ਅਯੋਧਿਆ ਅਫ਼ਸਾਨਵੀਂ ਰਾਜੇ ਰਾਮਚੰਦਰ ਦੀ ਜਨਮਭੂਮੀ ਹੈ ਅਤੇ ਹਿੰਦੂ ਧਰਮ ਦਾ ਅਹਿਮ ਤੀਰਥ ਅਸਥਾਨ ਹੈ।

ਕਹਾਣੀਆਂ ਨੂੰ ਫ਼ਲਸਫ਼ੇ ਦੇ ਪੱਧਰ ਉੱਤੇ ਸੁਣਾਇਆ ਅਤੇ ਸਮਝਿਆ ਜਾਵੇ ਤਾਂ ਇਹ ਪ੍ਰੇਰਨਾ ਦਾ ਜਬਰਦਸਤ ਸੋਮਾ ਹੋ ਸਕਦੀਆਂ ਹਨ। 'ਰਾਮਾਇਣ' ਰਾਮਚੰਦਰ ਨਾਲ ਜੁੜਿਆ ਮਹਾਂਕਾਵਿ ਹੈ ਜੋ ਡੂੰਘੀਆਂ ਤਸ਼ਬੀਹਾਂ ਰਾਹੀਂ ਰੂਹਾਨੀ ਸੁਨੇਹਾ ਦਿੰਦਾ ਹੈ।

ਰਾਮਚੰਦਰ ਉਸ ਖ਼ਾਲਸ ਚੇਤਨਾ ਦੀ ਨੁਮਾਇੰਦਗੀ ਕਰਦੇ ਹਨ ਜਿਸ ਦਾ ਅਯੋਧਿਆ ਵਿੱਚ ਵਾਸਾ ਹੈ, ਅਜਿਹੀ ਸਲਤਨਤ ਜਿਸ ਵਿੱਚ ਕੋਈ ਕਲੇਸ਼ ਨਹੀਂ ਹੈ। ਰਾਜਚੰਦਰ ਦੇ ਪਿਤਾ ਦਾ ਨਾਮ 'ਦਸ਼ਰਥ' ਹੈ ਜੋ ਦੋ ਸ਼ਬਦਾਂ, 'ਦਸ' ਅਤੇ 'ਰਥ' ਦੇ ਜੋੜ ਨਾਲ ਬਣਿਆ ਹੈ ਜੋ ਦਸ ਗਿਆਨ ਅਤੇ ਅਮਲੀ ਇੰਦਰੀਆਂ ਦੀ ਨੁਮਾਇੰਦਗੀ ਕਰਦਾ ਹੈ। ਰਾਮਚੰਦਰ ਦੀ ਪਤਨੀ ਸੀਤਾ ਮਨ ਦੀ ਨੁਮਾਇੰਦਗੀ ਕਰਦੀ ਹੈ। ਰਾਮਚੰਦਰ ਅਤੇ ਸੀਤਾ ਦਾ ਬਨਵਾਸ ਦੁਨਿਆਵੀ ਝਮੇਲਿਆਂ ਦੀ ਨੁਮਾਇੰਦਗੀ ਕਰਦਾ ਹੈ। ਦਵੈਤ ਦੀ ਹਾਲਤ ਵਿੱਚ ਹਉਮੈਂ ਮਨੁੱਖ ਨੂੰ ਫ਼ਰੇਬ ਦੀ ਜਕੜ ਵਿੱਚ ਫਸਾ ਲੈਂਦੀ ਹੈ। ਇੱਥੇ ਹਉਮੈਂ ਦੀ ਜਕੜ ਵਿੱਚ ਆਏ ਮਨੁੱਖੀ ਮਨ ਦੀ ਤਸ਼ਬੀਹੀ ਨੁਮਾਇੰਦਗੀ ਸੀਤਾ ਅਤੇ ਫ਼ਰੇਬ ਦੀ ਤਸ਼ਬੀਹੀ ਨੁਮਾਇੰਦਗੀ ਰਾਵਨ ਕਰਦਾ ਹੈ। ਬਾਂਦਰਾਂ ਦਾ ਲਸ਼ਕਰ ਖੁੱਲ੍ਹਦਿਲੀ ਨਾਲ ਕੀਤੇ ਅਮਲਾਂ ਵਾਲੀ ਫੁਰਤੀ ਦੀ ਤਸ਼ਬੀਹੀ ਪੱਖੋਂ ਨੁਮਾਇੰਦਗੀ ਕਰਦੀ ਹੈ। ਤਸ਼ਬੀਹੀ ਪੱਖੋਂ ਇਹ ਜੰਗ ਖ਼ਾਮੀਆਂ ਨੂੰ ਹਰਾਉਣ ਲਈ ਅੰਦਰਮੁਖੀ ਸੋਚ-ਵਿਚਾਰ ਦੀ ਨੁਮਾਇੰਦਗੀ ਕਰਦੀ ਹੈ। ਇਸ ਵਿੱਚ ਲਾਲਸਾਵਾਂ ਦੇ ਧੁਰੇ ਨੂੰ ਨਿਸ਼ਾਨਾ ਬਣਾ ਕੇ ਜਿੱਤ ਹਾਸਿਲ ਕੀਤੀ ਜਾਂਦੀ ਹੈ ਜਿਸ ਦੀ ਨੁਮਾਇੰਦਗੀ ਧੁੰਨੀ ਕਰਦੀ ਹੈ। ਜਦੋਂ ਲਾਲਸਾਵਾਂ ਉੱਤੇ ਜਿੱਤ ਹਾਸਿਲ ਹੋ ਜਾਂਦੀ ਹੈ ਤਾਂ ਮਨੁੱਖੀ ਮਨ ਤਵਾਜ਼ਨ ਵਿੱਚ ਆ ਜਾਂਦਾ ਹੈ।

**ਅਮਰਦੀਪ ਸਿੰਘ:** ਅਸੀਂ ਹੁਣ ਗੁਰਦੁਵਾਰਾ ਬ੍ਰਹਮ ਕੁੰਡ ਜਾ ਰਹੇ ਹਾਂ ਜੋ ਗੁਰੂ ਨਾਨਕ ਦੇ ਅਯੋਧਿਆ ਆਉਣ ਦੀ ਯਾਦ ਵਿੱਚ ਬਣਾਇਆ ਗਿਆ ਹੈ। ਇਹੋ ਅਸਥਾਨ ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੇ ਅਯੋਧਿਆ ਆਉਣ ਦੀ ਵੀ ਯਾਦਗਾਰ ਹੈ।

ਘਾਗਰਾ ਨਦੀ ਦੇ ਨੇੜੇ ਗੁਰਦਵਾਰਾ ਬ੍ਰਹਮ ਕੁੰਡ, ਗੁਰੂ ਨਾਨਕ ਅਤੇ ਭਾਈ ਮਰਦਾਨਾ ਦੇ ਅਯੋਧਿਆ ਆਉਣ ਦਾ ਸਭ ਤੋਂ ਪੁਰਾਣਾ ਯਾਦਗਾਰੀ ਅਸਥਾਨ ਹੈ।

ਰਾਮਚੰਦਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਆਉਣ ਵਾਲੇ ਤੀਰਥ-ਯਾਤਰੀਆਂ ਨਾਲ ਗੋਸ਼ਿਟ ਕਰਨ ਲਈ ਗੁਰੂ ਨਾਨਕ ਅਯੋਧਿਆ ਵਿੱਚ ਪਧਾਰੇ।

ਗੁਰੂ ਨਾਨਕ ਨੇ ਅਯੋਧਿਆ ਵਿਚ ਬਹੁਤ ਡੂੰਘਾ ਸੁਨੇਹਾ ਦਿੱਤਾ,

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥
ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ॥
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ॥
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ॥

(ਰਾਗ ਆਸਾ, ਗੁਰੂ ਨਾਨਕ)

ਨਾਨਕ ਨੇ ਫ਼ਰਮਾਇਆ ਕਿ ਹਾਜ਼ਰਾ-ਹਜ਼ੂਰ ਹੀ ਨਿਰਭੈਅ ਅਤੇ ਨਿਰੰਕਾਰ ਹੈ। ਦੁਨੀਆਦਾਰ ਆਉਂਦੇ ਹਨ ਅਤੇ ਫ਼ਨਾਹ ਹੋ ਜਾਂਦੇ ਹਨ।
ਉਸ ਦੇ ਜ਼ਾਹਿਰ ਹੋਣ ਦੀਆਂ ਅਨੇਕ ਕਹਾਣੀਆਂ ਹਨ ਅਤੇ ਅਨੰਤ ਸੋਚ-ਵਿਚਾਰ ਗ੍ਰੰਥਾਂ ਵਿੱਚ ਦਰਜ ਹੈ।
ਬਹੁਤ ਸਾਰੇ ਮਨੁੱਖ ਲਾਲਸਾਵਾਂ ਦੇ ਘੇਰੇ ਵਿਚ ਹੱਥ ਫੈਲਾਉਂਦੇ ਹਨ
ਤੇ ਧੁਰੇ ਉੱਤੇ ਘੁੰਮਦੇ ਹਨ।
ਜਿਵੇਂ ਸੌਦਾਗਰ ਆਪਣੀ ਸ਼ੈਅ ਦੀ ਨੁਮਾਇਸ਼ ਲਈ ਬਾਜ਼ਾਰ ਵਿੱਚ ਆਉਂਦੇ ਹਨ।
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਮਨ ਨਿਰੰਕਾਰ ਅਤੇ ਹਾਜ਼ਰਾ-ਹਜ਼ੂਰ ਸਿਰਜਣਹਾਰ ਨਾਲ ਜੁੜਨ ਲਈ ਜਿਸਮਾਨੀ ਪੱਖਾਂ ਦਾ ਆਸਰਾ ਭਾਲਦਾ ਹੈ ਜਦਕਿ ਫ਼ਾਨੀ ਜਗਤ ਵਿੱਚ ਆਉਣ-ਜਾਣ ਲੱਗਿਆ ਹੈ। ਸਭ ਕੁਝ ਮਿੱਟੀ ਤੋਂ ਉੱਗਦਾ ਹੈ ਅਤੇ ਇਸੇ ਵਿੱਚ ਸਮਾ ਜਾਂਦਾ ਹੈ।

ਗੁਰੂ ਨਾਨਕ ਨੇ ਘਾਗਰਾ ਨਦੀ ਦੇ ਘਾਟਾਂ ਉੱਤ ਲੋਕਾਂ ਨੂੰ ਮੁਕਤੀ ਦੀ ਆਸ ਵਿੱਚ ਘੋਰ ਤਪ ਕਰਦਿਆਂ ਦੇਖਿਆ ਤਾਂ ਇਹ ਸ਼ਬਦ ਉਚਾਰਿਆ।

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ॥
ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ॥
ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ॥
(ਰਾਗ ਭੈਰਉ, ਗੁਰੂ ਨਾਨਕ)

ਲੋਕ ਅੱਗ ਵਿੱਚ ਨਿਆਜ਼ ਪਾਉਂਦੇ ਹਨ, ਧਾਰਮਿਕ ਦਣਵਤ, ਪੁੰਨ-ਦਾਨ ਅਤੇ ਜਪ-ਤਪ ਕਰਦੇ ਹਨ ਪਰ ਅੰਦਰੋਂ ਦੁੱਖੀ ਹਨ।
ਸੋਚ-ਵਿਚਾਰ ਤੋਂ ਬਿਨਾਂ ਮੁਕਤੀ ਮੁਮਕਿਨ ਨਹੀਂ। ਵਿਵੇਕ ਨੂੰ ਪ੍ਰਣਾਏ ਮਨੁੱਖ ਨੂੰ ਚੈਨ ਮਿਲਦਾ ਹੈ।
ਆਤਮ-ਪੜਚੋਲ ਤੋਂ ਬਿਨਾਂ ਮਨੁੱਖਾ ਜਨਮ ਅਜਾਈਂ ਹੈ।
ਇਹ ਜ਼ਹਿਰ ਖਾਣ ਅਤੇ ਵਿਹਲਾ ਬੋਲਣ ਦੇ ਤੁੱਲ ਹੈ ਅਤੇ ਬੇਯਕੀਨੀ ਦੀ ਘੁੰਮਣਘੇਰੀ ਵਿੱਚ ਰੂਹਾਨੀ ਮੌਤ ਮਰਨ ਦੇ ਬਰਾਬਰ ਹੈ।
(ਰਾਗ ਭੈਰਉ, ਗੁਰੂ ਨਾਨਕ)

ਅਸੀਂ ਦਿਨ-ਰਾਤ ਭਰਮ ਵਿੱਚ ਭਟਕਦੇ ਹਾਂ। ਸਾਦਗੀ ਅਤੇ ਸੰਜੀਦਗੀ ਦੀ ਜ਼ਿੰਦਗੀ ਹੀ ਮੁਕਤੀ ਦਾ ਰਾਹ ਹੈ। ਤਪ ਮੁਕਤੀ ਦਾ ਰਾਹ ਨਹੀਂ।

ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਵੀ ਅਯੋਧਿਆ ਪਧਾਰੇ। ਜਦੋਂ ਗੁਰੂ ਗੋਬਿੰਦ ਸਿੰਘ ਅਯੋਧਿਆ ਆਏ ਤਾਂ ਉਸ ਵੇਲੇ ਇੱਥੇ ਰਾਜਾ ਮਾਨ ਸਿੰਘ ਦਾ ਰਾਜ ਸੀ।

ਅਸੀਂ ਯਤਿੰਦਰ ਮਿਸ਼ਰਾ ਨੂੰ ਮਿਲਣ ਜਾ ਰਹੇ ਹਾਂ ਜੋ ਰਾਜਾ ਮਾਨ ਸਿੰਘ ਦੀ ਕੁਲ ਵਿੱਚੋਂ ਹਨ।

**ਯਤਿੰਦਰ ਮਿਸ਼ਰਾ:** ਸਾਡੇ ਇੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਅਯੋਧਿਆ ਪਧਾਰਨ ਦੀ ਕਹਾਣੀ ਪ੍ਰਚਲਿਤ ਹੈ। ਉਨ੍ਹਾਂ ਇੱਕ ਬਾਗ਼ ਵਿੱਚ ਕਿਆਮ ਕੀਤਾ ਅਤੇ ਧਰਮ ਉਪਦੇਸ਼ ਦੇਣੇ ਸ਼ੁਰੂ ਕੀਤੇ। ਉੱਥੇ ਮਜਮਾ ਲੱਗਿਆ ਅਤੇ ਰਾਜਾ ਸਾਹਿਬ ਨੇ ਉੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਆਪਣਾ ਸਤਿਕਾਰ ਭੇਟ ਕੀਤਾ ਅਤੇ ਕਿਹਾ ਕਿ ਉਹ ਜਿੱਥੇ ਵਿਰਾਜੇ ਹਨ ਉਸੇ ਥਾਂ ਨੂੰ ਨਜ਼ਰ ਵਜੋਂ ਉਨ੍ਹਾਂ ਦੇ ਸਨਮਾਨ ਅਤੇ ਧਰਮ-ਦੀਕਸ਼ਾ ਲਈ ਪੇਸ਼ ਕਰਦੇ ਹਨ। ਉਦੋਂ ਤੋਂ ਹੀ ਉਹ ਮੁਹੱਲਾ ਨਜ਼ਰਬਾਗ਼ ਸੱਦਿਆ ਜਾਂਦਾ ਹੈ।

ਅਸੀਂ ਹੁਣ ਗੁਰਦਵਾਰਾ ਨਜ਼ਰਬਾਗ਼ ਜਾ ਰਹੇ ਹਾਂ।

**ਅਮਰਦੀਪ ਸਿੰਘ:** ਗੁਰਦਵਾਰਾ ਨਜ਼ਰਬਾਗ਼ ਅਯੋਧਿਆ ਦੇ ਰਾਜਾ ਮਾਨ ਸਿੰਘ ਦੇ ਦਾਨ ਵਿੱਚ ਦਿੱਤੇ ਹੋਏ ਸ਼ਾਹੀ ਬਾਗ਼ ਵਿੱਚ ਬਣਿਆ ਹੈ।

**ਯਤਿੰਦਰ ਮਿਸ਼ਰਾ:** ਅਯੋਧਿਆ ਬਾਰੇ ਵੱਖ-ਵੱਖ ਮਜ਼ਹਬਾਂ ਅਤੇ ਫ਼ਿਰਕਿਆਂ ਵਿੱਚ ਸਾਂਝ ਦੀਆਂ ਕੂਲ੍ਹਾਂ ਵਗਦੀਆਂ ਹਨ। ਇਹ ਕੂਲ੍ਹਾਂ ਇੱਕ-ਦੂਜੇ ਦੀਆਂ ਪੂਰਕ ਹਨ। ਇਹ ਰਲ਼ ਕੇ ਹੀ 'ਵਸੁਦੇਵ ਕੁਟੁੰਬਕਮ' ਬਣਾਉਂਦੀਆਂ ਹਨ। ਇਸੇ ਬਾਰੇ ਮੈਂ ਇੱਕ ਕਵਿਤਾ 'ਸਨਮਤੀ' ਲਿਖੀ ਹੈ ਜੋ ਮੈਂ ਆਪ ਜੀ ਲਈ ਪੜ੍ਹ ਦਿੰਦਾ ਹਾਂ:

ਕੀ ਫ਼ਰਕ ਪੈਂਦਾ ਹੈ ਇਸ ਨਾਲ, ਅਯੋਧਿਆ ਵਿੱਚ ਪਦ ਦੀ ਜਗ੍ਹਾ ਕੋਈ ਸ਼ਬਦ ਗਾਏ।
ਦੂਰ ਨਨਕਾਣਾ ਸਾਹਿਬ ਵਿੱਚ ਕੋਈ ਮਤਵਾਲਾ ਜਪੁਜੀ ਛੱਡ, ਕੱਵਾਲੀ ਲੈ ਕੇ ਆਵੇ।
ਫ਼ਰਕ ਤਾਂ ਇਸ ਗੱਲ ਨਾਲ ਵੀ ਨਹੀਂ ਪੈਂਦਾ, ਅਸੀਂ ਬਾਲਾ ਅਤੇ ਮਰਦਾਨਾ ਤੋਂ ਪੁੱਛ ਸਕੀਏ।
ਨਾਨਕ ਦੇ ਬੋਲਾਂ ਉੱਤੇ ਗੁਲ ਤਰਾਸ਼ੀ ਕਰਨ ਵਾਲੇ, ਉਨ੍ਹਾਂ ਦੋਵਾਂ ਦੇ ਹੱਥਾਂ ਵਿੱਚ ਇੱਕ-ਤਾਰਾ ਥਮਿਆ,
ਅਕਸਰ ਸੁਰ ਛੇੜਨ ਵੇਲੇ, ਖੁਸਰੋ ਅਤੇ ਕਬੀਰ ਦੇ ਘਰ ਕਿਉਂ ਘੁੰਮ ਆਉਂਦੇ ਹਨ।
ਫ਼ਰਕ ਤਾਂ ਅੱਜ ਇਹ ਵੀ ਨਹੀਂ ਪੈਂਦਾ, ਗੱਲ-ਗੱਲ ਵਿੱਚ ਰਦੀਫ਼-ਕਾਫ਼ੀਆ ਮਿਲਾਉਣ ਵਾਲੇ,
ਹਰ ਚੀਜ਼ ਵਿੱਚ ਫ਼ਰਕ ਪਛਾਨਣ ਵਾਲੇ, ਸ਼ਾਇਦ ਹੀ ਝਗੜਦੇ ਹੋਣ ਇਸ ਲਈ,
ਰਾਮ ਦੀ ਪਹੁੰਚ ਡਾਗਰਾਂ ਦੀ ਹਵੇਲੀ ਅਤੇ ਖ਼ਾਨ ਸਾਹਿਬ ਦੀਆਂ ਬੰਦਿਸ਼ਾਂ ਤੱਕ ਕਿਉਂ ਹੈ।
ਅਤੇ ਕਿਉਂ ਬੈਜੂ ਤੋਂ ਲੈ ਕੇ, ਅੱਜ ਤੱਕ, ਬਾਵਰੀ ਹੋਣ ਵਾਲੀ ਕਲਾ ਦੀ ਨਵੀਂ ਤੋਂ ਨਵੀਂ ਪੀੜ੍ਹੀ ਵੀ,
ਅੱਗੇ ਵਧ ਕੇ ਸਭ ਤੋਂ ਪਹਿਲਾਂ, ਰਹੀਮ ਅਤੇ ਰਸਖ਼ਾਨ ਨਾਲ ਦੋਸਤੀ ਕਰਦੀ ਹੈ।

ਮਨੁੱਖਾ ਮਨ ਭੌਤਿਕ ਜਗਤ ਵਿੱਚੋਂ ਰੂਹਾਨੀ ਝਲਕਾਰੇ ਭਾਲਦਾ ਹੈ। ਗੁਰੂ ਨਾਨਕ ਨੇ ਫ਼ਰਮਾਇਆ ਹੈ ਕਿ ਜ਼ਿਆਦਾ ਦੂਰ ਕਿਉਂ ਜਾਣਾ ਹੈ? ਰੂਹਾਨੀਅਤ ਤਾਂ ਮਨੁੱਖਾ ਬੁੱਤ ਵਿੱਚ ਵੱਸਦੀ ਹੈ ਜੋ ਆਪ ਮੁਕੱਦਸ ਅਸਥਾਨ ਹੈ। ਇਸ ਨੂੰ ਤਾਂ ਸਿਰਫ਼ ਪਛਾਣਨ ਦੀ ਜ਼ਰੂਰਤ ਹੈ।

ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥
(ਰਾਗ ਤੁਖਾਰੀ, ਗੁਰੂ ਨਾਨਕ)

ਦੂਰ ਜਾਣ ਦੀ ਲੋੜ ਨਹੀਂ, ਆਪਣੇ ਅੰਦਰਲੇ ਮਹਿਲ ਵਿੱਚ ਉਸ ਦੀ ਪਛਾਣ ਕਰੋ।
(ਰਾਗ ਤੁਖਾਰੀ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੬: ਪਹੇਲੀ (ਗੁੱਝਾ ਸੁਨੇਹਾ)

ਚਰਚਾ ਨਾਲ ਸੰਬੰਧਿਤ ਇਹ ਨੁਕਤੇ  ਨਾਨਕਮੱਤਾ ਤੋਂ ਅਯੋਧਿਆ ਤੱਕ ਗੁਰੂ ਨਾਨਕ ਦੀ ਯਾਤਰਾ ਦੇ ਇਤਿਹਾਸਕ ਅਤੇ ਦਾਰਸ਼ਨਿਕ ਪੱਖਾਂ ਨੂੰ ਬਹੁਤ ਹੀ ਯੋਗ ਢੰਗ ਨਾਲ ਉਜਾਗਰ ਕਰਦੇ ਹਨ। ਇਤਿਹਾਸਕ ਦ੍ਰਿਸ਼ਟਿਕੋਣ ਤੋਂ, ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਹੋਏ ਵਾਰਤਾਲਾਪ ਦਾ ਵੇਰਵਾ ਦਿੰਦੇ ਹਨ ਅਤੇ ਸਮਕਾਲੀਨ ਭਗਤ ਪਰਮਾਨੰਦ ਅਤੇ ਭੀਖਨ ਸ਼ਾਹ ਵਰਗੀਆਂ ਸਖ਼ਸ਼ੀਅਤਾਂ ਨਾਲ ਵਿਚਾਰਧਾਰਕ ਸਾਂਝ ਪ੍ਰਤੀ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦੇ ਹਨ। ਦਾਰਸ਼ਨਿਕ ਤੌਰ 'ਤੇ, ਉਹ ਅੰਤਰਦ੍ਰਿਸ਼ਟੀ ਰਾਹੀਂ ਨਾਸ਼ਵਾਨਤਾ ਪ੍ਰਤੀ ਪੜਚੋਲ ਕਰਦੇ ਹਨ, ਬਾਹਰੀ ਰਸਮਾਂ ਦੇ ਮੁਕਾਬਲੇ ਅੰਤਰੀਵੀ ਬਿਬੇਕ ਨੂੰ ਮਹੱਤਵ ਦਿੰਦੇ, ਪੌਰਾਣਿਕ ਕਥਾਵਾਂ ਦੀ ਰੂਪਕਾਤਮਕ ਵਿਆਖਿਆਵਾ, ਅਤੇ ਇਸ ਸਿਧਾਂਤ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਦੈਵੀ ਊਰਜਾ ਹੀ ਸਰਵਵਿਆਪਕ ਹੈ। ਇਹ ਤੱਤ ਇਹ ਸਮਝਣ ਲਈ ਇੱਕ ਢਾਂਚਾ ਤਿਆਰ ਕਰਦੇ ਹਨ ਕਿ ਗੁਰੂ ਨਾਨਕ ਦੀ ਗੰਗਾ ਦੇ ਮੈਦਾਨੀ ਇਲਾਕਿਆਂ ਵਿਚ ਕੀਤੀ ਯਾਤਰਾ ਕੇਵਲ ਇੱਕ ਭੂਗੋਲਿਕ ਮੁਹਿੰਮ ਨਹੀਂ ਸੀ, ਸਗੋਂ ਉਨ੍ਹਾਂ ਦੇ ਸਮੇਂ ਦੀਆਂ ਰੂਹਾਨੀ ਪਰੰਪਰਾਵਾਂ ਅਤੇ ਪ੍ਰਥਾਵਾਂ ਬਾਰੇ ਇਕ ਦਾਰਸ਼ਨਿਕ ਖੋਜ ਵੀ ਸੀ।

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਦੇ ਸਮੇਂ ਨਾਨਕਪੁਰੀ ਟਾਂਡਾ ਦਾ ਇਤਿਹਾਸਕ ਮਹੱਤਵ ਕੀ ਸੀ, ਅਤੇ ਉੱਥੇ ਯਾਦਗਾਰ ਨਾਲ ਸੰਬੰਧਿਤ ਕਿਹੜੇ ਸਥਾਨ ਸਥਿਤ ਸਨ?

ਇਹ ਐਪੀਸੋਡ ਟਾਂਡਾ ਨੂੰ ਤਰਾਈ ਖੇਤਰ ਦਾ ਇਕ ਨਗਰ ਦੱਸਦਾ ਹੈ, ਜੋ ੧੪ਵੀਂ ਸਦੀ ਦੇ ਦੌਰਾਨ ਵਪਾਰੀਆਂ ਲਈ ਇਕ ਠਹਿਰਾਉ ਸਥਾਨ ਵੀ ਸੀ ਅਤੇ ਇੱਥੇ ਕਈ ਖਾਨਾਬਦੋਸ਼ ਰਹਿੰਦੇ ਸਨ। ਜਦ ਗੁਰੂ ਨਾਨਕ ਇਥੇ ਆਏ, ਤਦ ਇਹ ਖੇਤਰ ‘ਰੋਹਿਲਖੰਡ’ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਗੁਲਾਮਾਂ ਦੇ ਵਪਾਰ ਲਈ ਬਦਨਾਮ ਸੀ। ਅੱਜ, ਟਾਂਡਾ ਦੇ ਇਸ ਛੋਟੇ ਨਗਰ ਵਿਚ ਪੰਜ ਗੁਰਦੁਆਰੇ ਹਨ, ਜੋ ਗੁਰੂ ਨਾਨਕ ਦੀ ਯਾਤਰਾ ਨਾਲ ਇਕ ਅਜਿਹੀ ਕਥਾ ਜੋੜਦੇ ਹਨ, ਜੋ ਪ੍ਰਾਰੰਭਿਕ ‘ਜਨਮਸਾਖੀਆਂ’ ਵਿੱਚ ਦਰਜ ਨਹੀਂ। ਇਥੋਂ ਦੀ ਸਥਾਨਕ ਰਵਾਇਤ ਅਨੁਸਾਰ ਗੁਰੂ ਨਾਨਕ ਨੇ

ਆਪਣੇ ਆਪ ਨੂੰ ਇੱਕ ਬਾਲਕ ਦੇ ਰੂਪ ਵਿੱਚ ਪਰਿਵਰਤਿਤ ਕਰ ਲਿਆ, ਤਾਂ ਜੋ ਉਨ੍ਹਾਂ ਵੀ ਵੇਚਿਆ ਜਾ ਸਕੇ, ਇਕ 'ਰੋਹਿਲਾ ਪਠਾਨ' ਦੁਆਰਾ ਉਨ੍ਹਾਂ ਨੂੰ ਚਾਰ ਵਾਰ ਬੰਦੀ ਬਣਾ ਵੇਚਿਆ ਗਿਆ, ਅਤੇ ਉਨ੍ਹਾਂ ਨੇ ਵੱਖ-ਵੱਖ ਕਰਾਮਾਤਾਂ ਰਾਹੀਂ ਆਪਣੇ ਆਪ ਨੂੰ ਆਜ਼ਾਦ ਕਰਵਾ ਲਿਆ। ਇਹ ਬ੍ਰਿਤਾਂਤ ਗੁਰੂ ਨਾਨਕ ਦੀ ਯਾਤਰਾ ਦੀ ਇਤਿਹਾਸਕ ਯਾਦ ਦਾ ਚਿਤਰਣ ਕਿਵੇਂ ਕਰਦਾ ਹੈ? ਇਸ ਤੋਂ ਇਲਾਵਾ, ਬ੍ਰਿਤਾਂਤਕਾਰ ਦਾ ਇਸ ਘਟਨਾ ਪ੍ਰਤੀ ਸੰਦੇਹ, ਉਨ੍ਹਾਂ ਵੱਖ-ਵੱਖ ਪਰਿਪੇਖਾਂ ਅਤੇ ਵਿਧੀਆਂ ਉਪਰ ਕਿਵੇਂ ਚਾਨਣਾ ਪਾਉਂਦਾ ਹੈ, ਜਿਨ੍ਹਾਂ ਨੂੰ ਗੁਰੂ ਨਾਨਕ ਦੇ ਇਤਿਹਾਸਕ ਸੰਵਾਦ ਅਤੇ ਇਸ ਦੀ ਮਹੱਤਤਾ ਨੂੰ ਵਿਅਕਤ ਕਰਨ ਲਈ ਵਰਤਿਆ ਜਾ ਸਕਦਾ ਹੈ?

੨. ਗੋਲਾ ਗੋਕਰਨ ਨਾਥ ਵਿਖੇ ਨਾਥ ਜੋਗੀਆਂ ਦੀ ਇਤਿਹਾਸਕ ਭੂਮਿਕਾ ਕੀ ਸੀ, ਅਤੇ ਉਨ੍ਹਾਂ ਦੁਆਰਾ ਗੁਰੂ ਨਾਨਕ ਨਾਲ ਸੰਵਾਦ ਕਿਵੇਂ ਰਚਾਇਆ ਗਿਆ?

ਇਸ ਐਪੀਸੋਡ ਵਿਚ ਗੋਲਾ ਗੋਕਰਨ ਨਾਥ ਨੂੰ ਇਕ ਪ੍ਰਾਚੀਨ ਨਗਰ ਵਜੋਂ ਦਿਖਾਇਆ ਗਿਆ ਹੈ, ਜੋ ਗੋਲਾ ਗੋਕਰਣ ਸ਼ਿਵ ਮੰਦਰ ਲਈ ਪ੍ਰਸਿੱਧ ਹੈ, ਜੋ ਕਦੇ 'ਨਾਥ ਜੋਗੀਆਂ' (ਸੰਨਿਆਸੀਆਂ) ਦਾ ਕੇਂਦਰ ਸੀ। ਇਸ ਵਿਚ ਪੇਸ਼ ਕੀਤਾ ਗਿਆ ਹੈ ਕਿ ੧੬ਵੀਂ ਸਦੀ ਦੌਰਾਨ 'ਨਾਥ ਜੋਗੀ' (ਸੰਨਿਆਸੀ) ਇਸ ਮੰਦਰ ਦਾ ਅਹਿਮ ਹਿੱਸਾ ਸਨ। ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਨੇ ਆਪਣੀ ਯਾਤਰਾ ਦੌਰਾਨ ਗੋਲਾ ਗੋਕਰਣ ਨਾਥ ਵਿਚ ਜੋਗੀਆਂ ਨਾਲ ਵਿਚਾਰ ਗੋਸ਼ਟੀ ਕੀਤੀ। ਇਸ ਮੰਦਰ ਵਿਚ ਸ਼ਿਵ ਦੀ ਇਕ ਵਿਲੱਖਣ ਪ੍ਰਤਿਭਾ ਹੈ , ਸ਼ਿਵਲਿੰਗ ਰਵਾਇਤੀ ਆਕਾਰ ਦੀ ਬਜਾਏ ਗਾਂ ਦੇ ਕੰਨ ਦੀ ਤਰ੍ਹਾਂ ਬਣਿਆ ਹੋਇਆ ਹੈ। ਗੁਰੂ ਨਾਨਕ ਅਤੇ ਨਾਥ ਜੋਗੀਆਂ ਵਿਚਕਾਰ ਹੋਈਆਂ ਵਿਚਾਰਾਂ ਤੋਂ ਉਸ ਸਮੇਂ ਦੇ ਉੱਤਰੀ ਭਾਰਤ ਦੇ ਧਾਰਮਿਕ ਪ੍ਰਸੰਗ ਬਾਰੇ ਕੀ ਪਤਾ ਲਗਦਾ ਹੈ, ਅਤੇ ਗੁਰੂ ਨਾਨਕ ਦੀ ਰੂਹਾਨੀ ਚਰਚਾ ਵਿਧੀ ਉਨ੍ਹਾਂ ਦੇ ਅਭਿਆਸਾਂ ਤੋਂ ਕਿਵੇਂ ਭਿੰਨ ਜਾਂ ਸਮਾਨ ਸੀ?

੩. ਸਮਾਨਾਂਤਰ ਸੁਧਾਰਵਾਦੀ ਅੰਦੋਲਨਾਂ ਭਗਤੀ ਅਤੇ ਸੂਫ਼ੀਵਾਦ ਨੇ ਗੁਰੂ ਨਾਨਕ ਦੇ ਦ੍ਰਿਸ਼ਟੀਕੋਣ ਲਈ ਇਤਿਹਾਸਕ ਪ੍ਰਸੰਗ ਕਿਵੇਂ ਤਿਆਰ ਕੀਤਾ?

ਇਸ ਐਪੀਸੋਡ ਵਿਚ ਦਸਿਆ ਗਿਆ ਹੈ ਕਿ ਗੁਰੂ ਨਾਨਕ ਦੇ ਸਮੇਂ, ਬਹੁਗਿਣਤੀ ਹਿੰਦੂ ਅਤੇ ਮੁਸਲਮਾਨ ਆਪਣੇ-ਆਪਣੇ ਧਰਮਾਂ ਦੀ ਪੁਜਾਰੀ ਸ਼੍ਰੇਣੀ ਦੇ ਆਦੇਸ਼ਾਂ ਅਨੁਸਾਰ ਰਵਾਇਤੀ ਰਸਮਾਂ ਨੂੰ ਨਿਭਾਉਣ ਤਕ ਸੀਮਿਤ ਸਨ। ਸਮੇਂ ਦੇ ਨਾਲ, ਇਨ੍ਹਾਂ ਕਾਰਣਾਂ ਕਰਕੇ ਮੁਢਲੀਆਂ ਵਿਸ਼ਵਵਿਆਪੀ ਦਾਰਸ਼ਨਿਕ ਵਿਚਾਰਧਾਰਵਾਂ ਨੂੰ ਅਪਣਾਉਣ ਵਿਚ ਘਾਟ ਆਉਣ ਲੱਗੀ। ਇਸ ਦੇ ਉੱਤਰ ਵਿਚ,

੧੦ਵੀਂ ਸਦੀ ਦੇ ਸ਼ੁਰੂਆਤੀ ਵਰਿਆਂ ਵਿਚ ਦੋ ਸਮਾਨਾਂਤਰ ਸੁਧਾਰਵਾਦੀ ਅੰਦੋਲਨਾਂ ਦਾ ਉਭਾਰ ਹੋਇਆ - ਹਿੰਦੂ ਧਰਮ ਵਿੱਚ 'ਭਗਤੀ' ਅਤੇ ਇਸਲਾਮ ਵਿਚ 'ਸੂਫ਼ੀਵਾਦ'। ਦੋਵੇਂ ਲਹਿਰਾਂ ਆਪਣੀਆਂ ਬਾਗੀ ਸੁਰਾਂ ਵਿਚ ਇਕੋ ਪਰਮਾਤਮਾ ਵਿਚ ਆਪਣੀ ਸ਼ਰਧਾ ਨੂੰ ਪ੍ਰਗਟ ਕਰਨ ਲਈ ਸਥਾਨਕ ਭਾਸ਼ਾ ਵਿੱਚ ਬਾਣੀ ਰਚ ਰਹੀਆਂ ਸਨ। ਗੁਰੂ ਨਾਨਕ ਨੂੰ ਤੌਹੀਦ ਦੇ ਸਿਧਾਂਤ ਦਾ ਗਾਡੀਰਾਹ ਮੰਨਿਆ ਗਿਆ, ਉਹ ਸਿਧਾਂਤ ਜੋ ਏਕਤਾ ਨੂੰ ਸਵਿਕਾਰ ਕਰ, ਦਵੈਤਵਾਦ ਨੂੰ ਨਿਕਾਰਦਾ ਸੀ। ਉਨ੍ਹਾਂ ਦੀ ਵਿਚਾਰਧਾਰਾ 'ਭਗਤੀ' ਅਤੇ 'ਸੂਫ਼ੀ' ਸੰਤਾਂ ਦੀ ਤਰ੍ਹਾਂ ਹੀ ਸੀ। ਧਾਰਮਿਕ ਸੁਧਾਰ ਲਹਿਰਾਂ ਦੀ ਇਤਿਹਾਸਕ ਪਿਠਭੂਮੀ ਨੇ ਗੁਰੂ ਨਾਨਕ ਦੇ ਸਮਾਨਤਾ ਦੇ ਸੰਦੇਸ਼ ਨੂੰ ਪ੍ਰਚਾਰਣ ਲਈ ਕਿਵੇਂ ਉਪਜਾਊ ਧਰਤੀ ਦੀ ਤਰ੍ਹਾਂ ਕੰਮ ਕੀਤਾ?

੪. ਗੁਰੂ ਨਾਨਕ ਦੇ ਸਮਕਾਲੀ ਭਗਤ ਪਰਮਾਨੰਦ ਅਤੇ ਭੀਖਨ ਸ਼ਾਹ ਬਾਰੇ ਅਸੀਂ ਕੀ ਸਿੱਖਿਆ ਗ੍ਰਹਿਣ ਕਰਦੇ ਹਾਂ, ਅਤੇ ਉਨ੍ਹਾਂ ਦੀਆਂ ਯਾਦਾਂ ਦੀ ਸਾਂਭ ਸੰਭਾਲ ਕਿਵੇਂ ਕੀਤੀ ਗਈ ਹੈ?
ਇਸ ਐਪੀਸੋਡ ਵਿਚ ਦਸਿਆ ਗਿਆ ਹੈ ਕਿ ਭਗਤ ਪਰਮਾਨੰਦ ਨੂੰ ਗੁਰੂ ਨਾਨਕ ਦੇ ਸਮਕਾਲੀ ਮੰਨਿਆ ਜਾਂਦਾ ਹੈ। ਭਾਵੇਂ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਉਨ੍ਹਾਂ ਦੋਵਾਂ ਦਾ ਕਦੇ ਮਿਲਾਪ ਹੋਇਆ ਹੋਵੇ, ਪਰ ਉਨ੍ਹਾਂ ਦਾ ਇਕ ਸ਼ਬਦ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ, ਇਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਵਿਚਾਰਧਾਰਾ ਦਾਰਸ਼ਨਿਕ ਤੌਰ 'ਤੇ ਸਮਾਂਨਤਰ ਸੀ। ਇਸੇ ਤਰ੍ਹਾਂ, ਭੀਖਨ ਸ਼ਾਹ ਕਾਕੋਰੀ ਪਿੰਡ ਦੇ ਇੱਕ ਸੂਫ਼ੀ ਸੰਤ ਸਨ। ਉਹ ਗੁਰੂ ਨਾਨਕ ਦੇ ਸਮਕਾਲੀ ਸਨ ਅਤੇ ਉਨ੍ਹਾਂ ਦਾ ਜਨਮ ੧੪੮੩ ਈ. ਵਿਚ ਹੋਇਆ ਸੀ। ਇਸ ਐਪੀਸੋਡ ਵਿਚ ਦਸਿਆ ਗਿਆ ਹੈ ਕਿ ਕੰਨੌਜ ਵਿਖੇ, ਬ੍ਰਿਤਾਂਤਕਾਰ ਨੇ ਭਗਤ ਪਰਮਾਨੰਦ ਨਾਲ ਸੰਬੰਧਤ ਕੋਈ ਸਮਾਰਕ ਜਾਂ ਸਥਾਨ ਲੱਭਣ ਲਈ ਬੇਹੱਦ ਕੋਸ਼ਿਸ਼ ਕੀਤੀ, ਪਰ ਸਥਾਨਕ ਨਿਵਾਸੀ ਇਸ ਭਗਤ ਸੰਤ ਤੋਂ ਅਣਜਾਣ ਸਨ। ਇਸ ਦੇ ਵਿਰੁੱਧ, ਕਾਕੋਰੀ ਵਿਚ ਭੀਖਨ ਸ਼ਾਹ ਦੀ ਵਿਰਾਸਤ ਉਨ੍ਹਾਂ ਦੇ ਵੰਸ਼ਜਾਂ ਵੱਲੋਂ ਸੰਭਾਲ ਕੇ ਰੱਖੀ ਗਈ ਸੀ, ਜੋ ਉਨ੍ਹਾਂ ਦੇ ਸਥਾਨ 'ਤੇ ਇਕ ਸਿੱਖਿਆ ਕੇਂਦਰ ਚਲਾ ਰਹੇ ਸਨ। ਇਤਿਹਾਸਕ ਯਾਦਾਂ ਦੇ ਇਹ ਵੱਖ-ਵੱਖ ਰੂਪ ਕੀ ਸੁਝਾਵ ਦਿੰਦੇ ਹਨ ਕਿ ਰੂਹਾਨੀ ਵਿਰਾਸਤਾਂ ਨੂੰ ਸਮੇਂ ਅਤੇ ਸਥਾਨ ਦੇ ਮੁਤਾਬਕ ਕਿਵੇਂ ਸੰਭਾਲਿਆ ਜਾਂਦਾ ਹੈ, ਅਤੇ 'ਗੁਰੂ ਗ੍ਰੰਥ ਸਾਹਿਬ' ਵਿਚ ਉਨ੍ਹਾਂ ਦੇ ਸ਼ਬਦ ਦਰਜ਼ ਹੋਣ ਨਾਲ ਉਨ੍ਹਾਂ ਦੀ ਸਥਾਈ ਪ੍ਰਭਾਵਸ਼ੀਲਤਾ ਦਾ ਕੀ ਮਹੱਤਵ ਹੋ ਸਕਦਾ ਹੈ?

੫. ਅਯੋਧਿਆ ਅਤੇ ਸਿੱਖ ਗੁਰੂਆਂ ਦੇ ਵਿਚਕਾਰ ਕੀ ਇਤਿਹਾਸਕ ਸੰਬੰਧ ਸਨ, ਅਤੇ ਇਨ੍ਹਾਂ ਨੂੰ ਕਿਵੇਂ ਯਾਦ ਕੀਤਾ ਜਾਂਦਾ ਹੈ?

ਇਸ ਐਪੀਸੋਡ ਵਿਚ ਉਲੇਖ ਕੀਤਾ ਗਿਆ ਹੈ ਕਿ ਗੁਰੂ ਨਾਨਕ ਉਨ੍ਹਾਂ ਲੋਕਾਂ ਨਾਲ ਵਾਰਤਾਲਾਪ ਕਰਨ ਲਈ ਅਯੋਧਿਆ ਪਹੁੰਚੇ ਜੋ ਇਥੇ ਰਾਮਚੰਦਰ ਦੀ ਉਪਾਸਨਾ ਵਾਸਤੇ ਤੀਰਥਯਾਤਰਾ 'ਤੇ ਆਉਂਦੇ ਸਨ। ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਨੌਵੇਂ ਸਿੱਖ ਗੁਰੂ, ਗੁਰੂ ਤੇਗ ਬਹਾਦਰ ਅਤੇ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਨੇ ਵੀ ਅਯੋਧਿਆ ਦੀ ਯਾਤਰਾ ਕੀਤੀ ਸੀ। ਗੁਰਦੁਆਰਾ ਬ੍ਰਹਮਕੁੰਡ ਗੁਰੂ ਨਾਨਕ ਦੀ ਅਯੋਧਿਆ ਯਾਤਰਾ ਦੀ ਯਾਦ ਵਿਚ ਬਣਾਇਆ ਗਿਆ ਹੈ। ਇਹ ਸਥਾਨ ਗੁਰੂ ਤੇਗ ਬਹਾਦਰ (ਨੌਵੇਂ ਸਿੱਖ ਗੁਰੂ) ਅਤੇ ਗੁਰੂ ਗੋਬਿੰਦ ਸਿੰਘ (ਦੱਸਵੇਂ ਸਿੱਖ ਗੁਰੂ) ਦੀਆਂ ਅਯੋਧਿਆ ਯਾਤਰਾਵਾਂ ਦੀ ਵੀ ਯਾਦ ਦਿਵਾਉਂਦਾ ਹੈ। ਇਸ ਤੋਂ ਇਲਾਵਾ, ਗੁਰਦੁਆਰਾ ਨਜ਼ਰਬਾਗ਼ ਇਕ ਸ਼ਾਹੀ ਬਾਗ਼ ਵਿਚ ਸਥਿਤ ਹੈ। ਰਾਜਾ ਮਾਨ ਸਿੰਘ ਦੀ ਵੰਸ਼ ਵਿਚੋਂ ਯਤਿੰਦਰ ਮਿਸ਼ਰਾ ਦੇ ਅਨੁਸਾਰ, ਇਸ ਨੂੰ ਅਯੋਧਿਆ ਦੇ ਰਾਜਾ ਮਾਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਬਣਾਇਆ ਸੀ। ਜਦ ਗੁਰੂ ਗੋਬਿੰਦ ਸਿੰਘ (ਦੱਸਵੇਂ ਨਾਨਕ) ਅਯੋਧਿਆ ਆਏ, ਤਾਂ ਉਹ ਇਕ ਬਾਗ ਵਿਚ ਠਹਿਰੇ ਅਤੇ ਉਥੇ ਉਨ੍ਹਾਂ ਆਪਣਾ ਰੂਹਾਨੀ ਸੰਦੇਸ਼ ਦਿਤਾ, ਜਿਸ ਕਾਰਣ ਬਹੁਤ ਸਾਰੇ ਪੈਰੋਕਾਰ ਉਨ੍ਹਾਂ ਦੀ ਸੰਗਤ ਮਾਨਣ ਲਈ ਇਕੱਤਰ ਹੋਏ। ਉਸ ਸਮੇਂ ਅਯੋਧਿਆ ਦਾ ਰਾਜਾ, ਗੁਰੂ ਗੋਬਿੰਦ ਸਿੰਘ ਨੂੰ ਨਤਮਸਤਕ ਹੋਇਆ। ਸਿੱਖ ਗੁਰੂ ਸਾਹਿਬਾਨ ਦੀਆਂ ਅਯੋਧਿਆ ਯਾਤਰਾਵਾਂ ਸਿੱਖ ਪਰੰਪਰਾ ਵਿਚ ਇਸ ਨਗਰ ਦੇ ਮਹੱਤਵ ਬਾਰੇ ਕੀ ਸੰਕੇਤ ਦਿੰਦੀਆਂ ਹਨ?

## ਦਾਰਸ਼ਨਿਕ ਚਰਚਾ ਨੁਕਤੇ:

੧. ਨਾਨਕਪੁਰੀ ਟਾਂਡਾ ਵਿਚ, ਗੁਰੂ ਨਾਨਕ ਸਾਨੂੰ ਅਸਥਿਰਤਾ ਅਤੇ ਜੀਵਨ ਦੀ ਛਿੰਨ-ਭੰਗਰਤਾ ਦੇ ਸਿਧਾਂਤ ਬਾਰੇ ਚਿੰਤਨ ਕਰਨ ਲਈ ਕਿਵੇਂ ਪ੍ਰੇਰਿਤ ਕਰਦੇ ਹਨ?

ਇਹ ਐਪੀਸੋਡ ਗੁਰੂ ਨਾਨਕ ਦੇ ਉਸ ਸਬਦ ਨਾਲ ਸ਼ੁਰੂ ਹੁੰਦਾ ਹੈ ਜਿਸ ਵਿਚ ਉਹ ਫੁਰਮਾਉਂਦੇ ਹਨ ਕਿ ਰਾਜੇ, ਕੁਲੀਨ ਵਰਗ, ਧਨਵਾਨ ਅਤੇ ਸੰਤ – ਸਭ ਇਕ ਦਿਨ ਇਸ ਜਹਾਨ ਤੋਂ ਅਲਵਿਦਾ ਹੋਣਗੇ। ਕੋਈ ਵੀ ਇੱਥੇ ਸਥਿਰ ਨਹੀਂ। ਸਮਾਂ ਇਕ ਅਜਿਹੀ ਵਗਦੀ ਧਾਰਾ ਹੈ ਜਿਸਨੂੰ ਕਾਬੂ ਨਹੀਂ ਕੀਤਾ ਜਾ ਸਕਦਾ। ਹਰ ਪਲ ਬਹੁਤ ਹੀ ਸੂਖਮ ਹੈ, ਜਿਸ ਵਿਚ ਨਾ ਭੂਤਕਾਲ ਹੈ, ਨਾ ਹੀ ਭਵਿੱਖ। ਸਚਾਈ ਇਹ ਹੈ ਕਿ ਹਰ ਚੀਜ਼ ਅਸਥਿਰ ਹੈ, ਤਾਂ ਫਿਰ ਕਿਸੇ ਚੀਜ਼ ਨੂੰ ਫੜ੍ਹਕੇ ਕਿਉਂ ਰੱਖੀਏ?

ਜੀਵਨ ਨੂੰ ਇਸ ਤਰ੍ਹਾਂ ਜੀਵੋ ਜਿਵੇਂ ਇਸ ਦਾ ਹਰ ਪਲ ਆਖਰੀ ਹੋਵੇ। ਟਾਂਡਾ ਵਿਚ ਇੱਕ ਪਰਿਵਾਰ ਨੂੰ ਨਵਜਾਤ ਬੱਚੇ ਦੀ ਮੌਤ 'ਤੇ ਸੋਗ ਮਨਾਉਂਦੇ ਦੇਖਕੇ, ਗੁਰੂ ਨਾਨਕ ਨੇ ਸਮਝਾਇਆ ਕਿ ਸੁੱਖ ਅਤੇ ਦੁੱਖ ਛਿੰਨ ਭੰਗਰ ਹੁੰਦੇ ਹਨ। ਜਨਮ ਅਤੇ ਮੌਤ ਦਾ ਖੇਡ, ਕੁਦਰਤ ਦਾ ਸਰਵਉਚ ਸਿਧਾਂਤ ਹੈ। ਇਨ੍ਹਾਂ ਬਾਰੇ ਸੋਚਣਾ ਵਿਅਰਥ ਹੈ। ਚੇਤਨ ਹੋ ਕੇ ਜੀਆ ਇਕ ਛੋਟਾ ਜਿਹਾ ਪਲ ਭਟਕਣਾਂ 'ਚ ਬਿਤਾਈ ਲੰਮੀ ਉਮਰ ਨਾਲੋਂ ਕਿਧਰੇ ਮਹੱਤਵਪੂਰਨ ਹੈ। ਇਹ ਦਾਰਸ਼ਨਿਕ ਨਜ਼ਰੀਆ ਜੀਵਨ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਕਿਸ ਤਰ੍ਹਾਂ ਦੀ ਜੁਗਤ ਪ੍ਰਦਾਨ ਕਰਦਾ ਹੈ? ਇਸ ਤੋਂ ਇਲਾਵਾ, ਸੋਗ ਅਤੇ ਨੁਕਸਾਨ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਨੂੰ ਇਹ ਕਿਸ ਤਰ੍ਹਾਂ ਸ਼ਾਂਤੀ ਦੇ ਸਕਦਾ ਹੈ?

੨. ਗੁਰੂ ਨਾਨਕ ਗੁਲਾਮੀ ਪ੍ਰਤੀ ਕਿਸ ਤਰ੍ਹਾਂ ਦੀ ਦਾਰਸ਼ਨਿਕ ਆਲੋਚਨਾ ਕਰਦੇ ਹਨ, ਜੋ ਸ਼ਾਬਦਿਕ ਅਤੇ ਰੂਪਕ ਦੋਵੇਂ ਰੂਪਾਂ ਵਿਚ ਪ੍ਰਗਟ ਕੀਤੀ ਗਈ ਹੈ?
ਨਾਨਕਪੁਰੀ ਟਾਂਡਾ, ਜੋ ਇਕ ਸਮੇਂ ਗੁਲਾਮ ਵੇਚਣ ਲਈ ਬਦਨਾਮ ਸੀ, ਉਥੇ ਗੁਰੂ ਨਾਨਕ ਇਕ ਸਬਦ ਵਿਚ ਸਰਵਵਿਆਪੀ ਸ਼ਕਤੀ ਨੂੰ ਬੇਨਤੀ ਕਰਦੇ ਹਨ ਕਿ ਨਿਤਾਣਿਆਂ ਦਾ ਉਧਾਰ ਕਰਨ ਲਈ ਗਿਆਨ ਅਤੇ ਸਚ ਦੀ ਰਹਿਮਤ ਕਰਨ। ਇਹ ਐਪੀਸੋਡ ਗੁਰੂ ਨਾਨਕ ਦੇ ਗੁਲਾਮੀ ਪ੍ਰਤੀ ਬਿੰਬ 'ਤੇ ਚਰਚਾ ਕਰਦਾ ਹੋਇਆ ਇਹ ਸਪਸ਼ਟ ਕਰਦਾ ਹੈ ਕਿ ਉਹ ਸ੍ਰਿਸ਼ਟੀ ਦੇ ਤਤਸਾਰ ਨਾਲ ਏਕਰੂਪ ਹੋਏ ਲੋਕਾਂ ਦੀ ਸੇਵਾ ਵਿਚ ਆਪਣੇ ਆਪ ਨੂੰ ਸਮਰਪਿਤ ਕਰਨ ਲਈ ਤਿਆਰ ਸਨ। ਇਸ ਭਾਗ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਜਦ ਲੋਕ ਆਪਣੇ ਰੋਜ਼ਾਨਾ ਦੇ ਜੀਵਨ ਦੀਆਂ ਚਿੰਤਾਵਾਂ 'ਚ ਫਸੇ ਰਹਿੰਦੇ ਹਨ, ਤਾਂ ਉਨ੍ਹਾਂ ਦਾ ਮਨ ਡੂੰਘੇ ਦਾਰਸ਼ਨਿਕ ਸਚ ਨੂੰ ਸਮਝਣ ਦੀ ਬਜਾਏ, ਜੀਵਨ ਦੀਆਂ ਥੋਥੀਆਂ ਧਾਰਨਾਵਾਂ ਵਿਚ ਫਸਿਆ ਰਹਿੰਦਾ ਹੈ। ਗੁਰੂ ਨਾਨਕ ਗੁਲਾਮੀ ਦੀ ਜ਼ੁਲਮੀ ਅਵਧਾਰਣਾ ਨੂੰ ਕਿਸ ਤਰ੍ਹਾਂ ਰੂਹਾਨੀ ਉੱਨਤੀ ਲਈ ਇਕ ਸਵੈ ਇਛਾ ਦੇ ਵਿਕਲਪ ਵਜੋਂ ਪਰਿਭਾਸ਼ਿਤ ਕਰਦੇ ਹਨ? ਇਹ ਭੌਤਿਕ ਅਤੇ ਰੂਹਾਨੀ ਦੋਵੇਂ ਪੱਧਰਾਂ 'ਤੇ ਆਜ਼ਾਦੀ ਅਤੇ ਬੰਧਨ ਬਾਰੇ ਕੀ ਦਰਸਾਉਂਦਾ ਹੈ?

੩. ਗੁਰੂ ਨਾਨਕ ਨੇ ਗੋਲਾ ਗੋਕਰਨ ਨਾਥ ਵਿਚ ਹੋਏ ਰੂਹਾਨੀ ਸੰਵਾਦ ਦੌਰਾਨ ਗਿਆਨ, ਸ਼ਰਧਾ ਅਤੇ ਅਗਿਆਨਤਾ ਨੂੰ ਕਿਵੇਂ ਪਰਿਭਾਸ਼ਿਤ ਕੀਤਾ?

ਗੋਲਾ ਗੋਕਰਨ ਨਾਥ ਮੰਦਰ ਵਿਚ ਰਾਜਾ ਰਾਵਣ ਦੀ ਕਹਾਣੀ 'ਤੇ ਵਿਚਾਰ ਕਰਦੇ ਹੋਏ, ਬ੍ਰਿਤਾਂਤਕਾਰ ਪ੍ਰਸ਼ਨ ਉਠਾਉਂਦਾ ਹੈ - ਗਿਆਨ, ਸ਼ਰਧਾ ਅਤੇ ਅਗਿਆਨਤਾ ਕੀ ਹਨ? ਗੁਰੂ ਨਾਨਕ ਦੇ ਸਬਦ ਅਨੁਸਾਰ, ਅਗਿਆਨਤਾ, ਪੀੜ੍ਹਾ ਅਤੇ ਸੰਦੇਹ, ਜੋ ਅੰਦਰ ਵੱਸਦੇ ਹਨ, ਉਹ ਗਿਆਨ ਰਾਹੀਂ ਖ਼ਤਮ ਹੋ ਜਾਂਦੇ ਹਨ। ਜਿਨ੍ਹਾਂ ਨੂੰ ਗਿਆਨ ਪ੍ਰਾਪਤ ਹੁੰਦਾ ਹੈ, ਉਹ ਆਤਮ-ਚਿੰਤਨ ਦਾ ਅਭਿਆਸ ਕਰਦੇ ਹਨ। ਬ੍ਰਿਤਾਂਤਕਾਰ ਇਸ ਨੂੰ ਇਸ ਤਰੀਕੇ ਨਾਲ ਸਮਝਾਉਂਦਾ ਹੈ ਕਿ ਜੇਕਰ ਕੋਈ ਗਿਆਨ ਪ੍ਰਾਪਤੀ ਦੇ ਬਾਵਜੂਦ ਅਹੰਕਾਰ ਚੁਕੀ ਫਿਰੇ ਤਾਂ ਉਹ ਅਗਿਆਨਤਾ ਦਾ ਹੀ ਰੂਪ ਹੈ। ਅਗਿਆਨਤਾ ਦੇ ਮੂਲ ਕਾਰਨ ਨੂੰ ਸਮਝਣਾ ਹੀ ਅਸਲ ਗਿਆਨ ਹੈ। ਏਕਤਾ ਦੇ ਨਿਯਮ ਨੂੰ ਮੰਨਣਾ ਹੀ ਅਸਲ ਸ਼ਰਧਾ ਹੈ। ਇਹ ਦਾਰਸ਼ਨਿਕ ਢਾਂਚਾ ਰਵਾਇਤੀ ਗਿਆਨ ਅਤੇ ਅਗਿਆਨਤਾ ਦੀ ਸਮਝ ਨੂੰ ਕਿਵੇਂ ਚੁਣੌਤੀ ਦਿੰਦਾ ਹੈ, ਅਤੇ ਇਹ ਬੌਧਿਕ ਗਿਆਨ ਅਤੇ ਰੂਹਾਨੀ ਨਿਮਰਤਾ ਦੇ ਸੰਬੰਧ ਵਿਚ ਕੀ ਸੁਝਾਅ ਰੱਖਦਾ ਹੈ?

੪. ਗੁਰੂ ਨਾਨਕ ਦੇ ਇਕ ਇਸ਼ਵਰਵਾਦ ਦਾ ਦਾਰਸ਼ਨਿਕ ਸੰਕਲਪ ਭਗਤੀ ਅਤੇ ਸੂਫ਼ੀ ਪਰੰਪਰਾਵਾਂ ਨਾਲ ਕਿਵੇਂ ਮੇਲ ਖਾਂਦਾ ਹੈ ਅਤੇ ਸੰਭਾਵਿਤ ਤੌਰ ਇਸ ਤੋਂ ਕਿਵੇਂ ਵਧੇਰੇ ਪ੍ਰਫੁਲਿਤ ਹੁੰਦਾ ਹੈ?

ਇਸ ਭਾਗ ਵਿਚ ਦਸਿਆ ਗਿਆ ਹੈ ਕਿ ਗੁਰੂ ਨਾਨਕ ਵੀ ਅਦੈਵਤਵਾਦ (ਇਕ ਇਸ਼ਵਰਵਾਦ) ਦੇ ਸਮਰਥਕ ਸਨ - ਉਹ ਸਿਧਾਂਤ ਜੋ ਏਕਤਾ ਨੂੰ ਮੰਨਦਾ ਹੈ ਅਤੇ ਦਵੈਤਵਾਦ ਨੂੰ ਅਸਵੀਕਾਰ ਕਰਦਾ ਹੈ। ਉਨ੍ਹਾਂ ਦਾ ਦਰਸ਼ਨ 'ਭਗਤੀ' ਅਤੇ 'ਸੂਫ਼ੀ' ਸੰਤਾਂ ਦੀਆਂ ਸਿੱਖਿਆਵਾਂ ਦੇ ਅਨੁਕੂਲ ਸੀ। ਦੋਵੇਂ ਹੀ ਪਰੰਪਰਾਵਾਂ ਨੇ ਸਥਾਨਕ ਭਾਸ਼ਾਵਾਂ ਵਿਚ ਕਾਵਿ ਰੂਪ ਰਾਹੀ ਇਕ ਸਰਵ-ਵਿਆਪਕ ਸਤਾ ਵਿਚ ਆਪਣੀ ਭਗਤੀ ਅਤੇ ਅਕੀਦੇ ਨੂੰ ਪ੍ਰਗਟ ਕੀਤਾ। ਇਸ ਪਰਿਪੇਖ ਦੀ ਪੁਸ਼ਟੀ ਅਨਵਰ ਹਬੀਬ ਅਲਵੀ ਦੀ ਟਿੱਪਣੀ ਵੀ ਕਰਦੀ ਹੈ, ਜਿਸ ਵਿਚ ਉਹ ਆਖਦੇ ਹਨ ਕਿ ਭੀਖਨ ਸ਼ਾਹ ਦੀ ਵਿਚਾਰਧਾਰਾ ਗੁਰੂ ਨਾਨਕ ਦੇ ਸੰਦੇਸ਼ ਨਾਲ ਮਿਲਦੀ ਸੀ, ਜਿਸ ਵਿਚ ਮਨੁੱਖਤਾ ਨੂੰ ਗਲ੍ਹੇ ਲਗਾਉਣ, ਪਰਉਪਕਾਰੀ ਬਣਨ, ਅਤੇ ਇਕ ਦੂਜੇ ਨੂੰ ਪਿਆਰ ਕਰਨ ਵਰਗੇ ਸਦਗੁਣ ਸ਼ਾਮਿਲ ਸਨ। ਅਲਵੀ ਨੇ ਹੋਰ ਵਿਚਾਰਾਂ ਦੀ ਸਾਂਝ ਪਾਉਂਦਿਆਂ ਦਸਿਆ ਕਿ ਜਦ ਸੂਫ਼ੀਆਂ ਅਤੇ ਸੰਤਾਂ ਦੀਆਂ ਰਚਨਾਵਾਂ 'ਗੁਰੂ ਗ੍ਰੰਥ ਸਾਹਿਬ' ਵਿੱਚ ਸ਼ਾਮਲ ਕੀਤੀਆਂ ਗਈਆਂ, ਤਾਂ ਇਹ ਸਪਸ਼ਟ ਹੋ ਗਿਆ ਕਿ ਇਨ੍ਹਾਂ ਗਿਆਨਵਾਨ ਸੰਤਾਂ ਦੀ ਕੀਮਤੀ ਵਿਚਾਰਧਾਰਾ ਇਕ ਕੀਮਤੀ ਖਜ਼ਾਨੇ ਵਿਚ ਇਕਤਰ ਹੋ ਗਈ। ਇਸ ਸੰਸਾਰ ਵਿਚ ਲੋਕਾਂ ਨੂੰ ਜੋੜਨ ਦਾ ਇਕੋ-ਇੱਕ ਵਸੀਲਾ ਪ੍ਰੇਮ ਹੀ ਹੈ। ਗੁਰੂ ਨਾਨਕ ਦਾ ਇਕ ਇਸ਼ਵਰਵਾਦ ਵਿਚ ਵਿਸ਼ਵਾਸ ਧਾਰਮਿਕ ਸਹਿ-ਹੋਂਦ ਅਤੇ ਏਕਤਾ ਲਈ ਕਿਵੇਂ ਇਕ ਦਾਰਸ਼ਨਿਕ

ਆਧਾਰ ਪ੍ਰਦਾਨ ਕਰਦਾ ਹੈ, ਅਤੇ ਉਨ੍ਹਾਂ ਦੇ ਸਮੇਂ ਦੀਆਂ ਸੁਧਾਰਕ ਪਰੰਪਰਾਵਾਂ ਤੋਂ ਕਿਵੇਂ ਪਾਰ ਜਾਂਦਾ ਹੈ?

੫. ਭਗਤ ਪਰਮਾਨੰਦ ਦਾ ਸਬਦ, ਸ਼ਾਸਤਰੀ ਵਿਦਿਆ ਅਤੇ ਸਚੀ ਭਗਤੀ ਦੇ ਵਿਚਲੇ ਸੰਬੰਧ ਨੂੰ ਕਿਵੇਂ ਪ੍ਰਗਟ ਕਰਦਾ ਹੈ?

ਇਸ ਐਪੀਸੋਡ ਵਿਚ, ਭਗਤ ਪਰਮਾਨੰਦ ਇਹ ਪ੍ਰਸ਼ਨ ਉਠਾਉਂਦੇ ਹਨ ਕਿ ਅਸੀਂ ਸ਼ਾਸਤ੍ਰਾਂ ਨੂੰ ਸੁਣ ਕੇ ਕੀ ਸਿੱਖਿਆ? ਸਾਡੇ ਵਿਚ ਹੁਣ ਤਕ ਅਡੋਲ ਭਗਤੀ ਵਿਕਸਿਤ ਨਹੀਂ ਹੋਈ, ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਦੀ ਭਾਵਨਾ ਵੀ ਗ਼ੈਰਹਾਜ਼ਰ ਹੈ। ਮਨ ਤੋਂ ਕਰੂਰਤਾ ਸਮਾਪਤ ਨਹੀਂ ਹੋਈ ਅਤੇ ਹੋਰਾਂ ਪ੍ਰਤੀ ਦਇਆ ਵੀ ਨਹੀਂ ਉਭਰੀ। ਭਗਤ ਪਰਮਾਨੰਦ ਫੁਰਮਾਉਂਦੇ ਹਨ ਕਿ ਪੁੰਨ ਆਤਮਾਵਾਂ ਦੀ ਸੰਗਤ ਵਿਚ ਰਹਿ ਕੇ ਵੀ ਗਿਆਨ ਪ੍ਰਾਪਤ ਕਰਨ ਦੀ ਪ੍ਰੇਰਣਾ ਨਹੀਂ ਮਿਲਦੀ। ਬ੍ਰਿਤਾਂਤਕਾਰ ਸਮਝਾਉਂਦਾ ਹੈ ਕਿ ਭਗਤ ਪਰਮਾਨੰਦ ਆਪਣੇ ਸਬਦ ਵਿਚ ਦੱਸਦੇ ਹਨ ਕਿ ਅਸਲ ਭਗਤੀ ਅਤੇ ਨੈਤਿਕ ਆਚਰਣ ਨੂੰ ਧਾਰਮਿਕ ਕਰਮ ਕਾਂਡਾ ਨਾਲੋਂ ਵਧੇਰੇ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। ਕੇਵਲ ਬਾਹਰੀ ਤੌਰ ਤੇ ਧਾਰਮਿਕ ਗ੍ਰੰਥਾਂ ਦਾ ਕੀਤਾ ਪਾਠ ਵਿਅਕਤੀ ਦੇ ਚਰਿੱਤਰ ਵਿਚ ਮੌਜੂਦ ਨਕਾਰਾਤਮਕ ਪ੍ਰਵਿਰਤੀ ਦੂਰ ਨਹੀਂ ਕਰ ਸਕਦਾ। ਭਗਤੀ ਕੇਵਲ ਸਕਾਰਾਤਮਕ ਵਿਚਾਰਾਂ ਦੀ ਸੰਗਤ ਨਾਲ ਹੀ ਅੰਦਰ ਵਸ ਸਕਦੀ ਹੈ। ਇਹ ਦਾਰਸ਼ਨਿਕ ਆਲੋਚਨਾ ਧਾਰਮਿਕ ਗ੍ਰੰਥਾਂ ਦੇ ਪਾਠ ਦੀ ਰਵਾਇਤੀ ਪ੍ਰਥਾ ਨੂੰ ਕਿਵੇਂ ਚੁਣੌਤੀ ਦਿੰਦੀ ਹੈ, ਅਤੇ ਇਹ ਰੂਹਾਨੀ ਉੱਨਤੀ ਲਈ ਕਿਹੜਾ ਬਦਲਵਾਂ ਮਾਰਗ ਸੁਝਾਉਂਦੀ ਹੈ?

੬. ਭੀਖਣ ਸ਼ਾਹ ਰੂਹਾਨੀ ਅਨੁਭਵ ਨੂੰ ਵਿਅਕਤ ਕਰਨ ਵਿਚ ਭਾਸ਼ਾ ਦੀਆਂ ਸੀਮਾਵਾਂ ਨੂੰ ਕਿਵੇਂ ਪ੍ਰਗਟ ਕਰਦੇ ਹਨ?

ਇਸ ਭਾਗ ਵਿਚ ਭੀਖਣ ਸ਼ਾਹ ਦੇ ਸਬਦ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਵਿਚ ਉਹ ਕਹਿੰਦੇ ਹਨ ਕਿ ਸਿਰਜਨਹਾਰ ਦੇ ਗੁਣਾਂ ਨੂੰ ਸ਼ਬਦਾਂ ਵਿਚ ਵਿਅਕਤ ਨਹੀਂ ਕੀਤਾ ਜਾ ਸਕਦਾ। ਇਹ ਉਸ ਤਰ੍ਹਾਂ ਹੈ ਜਿਵੇਂ ਕੋਈ ਗੂੰਗਾ ਵਿਅਕਤੀ ਮਿਠਾਸ ਨੂੰ ਬੋਲਾਂ ਰਾਹੀਂ ਵਰਣਨ ਕਰਨ ਦੀ ਕੋਸ਼ਿਸ਼ ਕਰੇ। ਜੋ ਜੀਭ ਰਾਹੀਂ ਉਚਾਰਦੇ ਹਨ, ਕੰਨਾਂ ਰਾਹੀਂ ਸ਼ਾਂਤੀ ਦੇ ਸ਼ਬਦ ਸੁਣਦੇ ਹਨ, ਅਤੇ ਮਨ ਵਿਚ ਚਿੰਤਨ ਕਰਦੇ ਹਨ, ਉਹੀ ਆਨੰਦ ਦੀ ਅਨੁਭੂਤੀ ਕਰਦੇ ਹਨ। ਉਹ ਆਖਦੇ ਹਨ, ਮੇਰੀਆਂ ਅੱਖਾਂ

ਤ੍ਰਿਪਤ ਹਨ ਅਤੇ ਜਿਥੇ ਵੀ ਮੈਂ ਵੇਖਦਾ ਹਾਂ, ਮੈਨੂੰ ਸਿਰਜਨਹਾਰ ਦੀ ਹਾਜ਼ਰੀ ਦਿਸਦੀ ਹੈ। ਬ੍ਰਿਤਾਂਤਕਾਰ ਸਮਝਾਉਂਦਾ ਹੈ ਕਿ ਜਿਵੇਂ ਕੋਈ ਬੋਲਣ ਵਿਚ ਅਸਮਰਥ ਵਿਅਕਤੀ ਮਿਠਾਈ ਦੇ ਸੁਆਦ ਨੂੰ ਵਿਅਕਤ ਨਹੀਂ ਕਰ ਸਕਦਾ, ਉਸੇ ਤਰ੍ਹਾਂ ਆਤਮਬੋਧ ਦੀ ਪਰਮ ਅਵਸਥਾ ਨੂੰ ਸ਼ਬਦਾਂ ਵਿਚ ਨਹੀਂ ਬਿਆਨ ਕੀਤਾ ਜਾ ਸਕਦਾ। ਇਹ ਦਾਰਸ਼ਨਿਕ ਅੰਤਰਦ੍ਰਿਸ਼ਟੀ ਭਾਸ਼ਾ ਅਤੇ ਬੌਧਿਕ ਸਮਝ ਦੀਆਂ ਸੀਮਾਵਾਂ ਨੂੰ ਕਿਵੇਂ ਚੁਣੌਤੀ ਦਿੰਦੀ ਹੈ, ਅਤੇ ਇਹ ਜਾਣਨ ਲਈ ਹੋਰ ਕਿਹੜੀ ਬਦਲਵੀਂ ਵਿਧੀ ਪੇਸ਼ ਕਰਦੀ ਹੈ?

੭. ਗੁਰੂ ਨਾਨਕ ਰਾਮਾਇਣ ਦੀ ਕਥਾ ਦੀ ਆਤਮਿਕ ਰੂਹਾਨੀ ਪਰਿਵਰਤਨ ਵਜੋਂ ਕਿਵੇਂ ਪੁਨਰ ਵਿਆਖਿਆ ਕਰਦੇ ਹਨ?

ਇਸ ਐਪੀਸੋਡ ਵਿਚ ਰਾਮਾਇਣ ਦੀ ਇਕ ਰੂਪਕ ਦੇ ਤੌਰ 'ਤੇ ਵਿਆਖਿਆ ਕੀਤੀ ਗਈ ਹੈ, ਜਿਸ ਵਿਚ ਰਾਮਚੰਦਰ ਸ਼ੁੱਧ ਚੇਤਨਾ ਦਾ ਪ੍ਰਤੀਕ ਹਨ, ਜੋ 'ਅਯੋਧਿਆ' ਵਿਚ ਨਿਵਾਸ ਕਰਦੇ ਹਨ, ਇਕ ਐਸੀ ਥਾਂ ਜਿੱਥੇ ਕੋਈ ਸੰਘਰਸ਼ ਨਹੀਂ ਹੁੰਦਾ। ਰਾਮਚੰਦਰ ਦੇ ਪਿਤਾ 'ਦਸ਼ਰਥ' ਦੇ ਨਾਮ ਦੋ ਸ਼ਬਦਾਂ ਤੋਂ ਬਣਿਆ ਹੋਇਆ ਹੈ - 'ਰਥ', ਜੋ ਸਰੀਰ ਦਾ ਪ੍ਰਤੀਕ ਹੈ, ਅਤੇ 'ਦਸ਼', ਜੋ ਸਰੀਰ ਦੀਆਂ ਦਸ ਗਿਆਨ ਅਤੇ ਕਰਮ ਇੰਦਰੀਆਂ ਦੀ ਪ੍ਰਤੀਨਿਧਤਾ ਕਰਦਾ ਹੈ। ਰਾਮਚੰਦਰ ਦੀ ਪਤਨੀ, ਸੀਤਾ, ਮਨ ਦੀ ਪ੍ਰਤੀਕ ਹਨ। ਰਾਮਚੰਦਰ ਅਤੇ ਸੀਤਾ ਦਾ ਬਨਵਾਸ ਸੰਸਾਰਿਕ ਉਲਝਣਾਂ ਨੂੰ ਦਰਸਾਉਂਦਾ ਹੈ। ਦਵੈਤ ਦੀ ਹਾਲਤ ਵਿਚ, ਸੀਤਾ (ਮਨ) ਅਹੰਕਾਰ ਨਾਲ ਪ੍ਰਭਾਵਿਤ ਹੋ ਜਾਂਦਾ ਹੈ, ਜਿਸ ਨੂੰ ਪ੍ਰਤੀਕਾਤਮਕ ਤੌਰ 'ਰਾਵਣ' ਰੂਪ ਵਿਚ ਦਰਸਾਇਆ ਗਿਆ ਹੈ। ਬਾਂਦਰਾਂ ਦੀ ਫ਼ੌਜ ਸੁਤੰਤਰ ਇੱਛਾਵਾਂ ਦੀ ਚੰਚਲਤਾ ਦੀ ਪ੍ਰਤੀਕ ਹੈ, ਜੋ ਕਰਮ ਕਰਵਾਉਣ ਵਿਚ ਮਦਦਗਾਰ ਹੁੰਦੀ ਹੈ। ਯੁੱਧ ਆਤਮਿਕ ਵਿਚਾਰਾਂ ਦਾ ਪ੍ਰਤੀਕ ਹੈ, ਜੋ ਮਾੜੀ ਬਿਰਤੀ ਨੂੰ ਹਰਾਉਣ ਲਈ ਲੜਿਆ ਜਾਂਦਾ ਹੈ। ਜਿੱਤ ਉਸ ਵੇਲੇ ਮਿਲਦੀ ਹੈ, ਜਦੋਂ ਵਿਅਕਤੀ ਆਪਣੀਆਂ ਇੱਛਾਵਾਂ ਦੇ ਮੂਲ ਕੇਂਦਰ, ਅਰਥਾਤ ਨਾਭੀ ਨੂੰ ਨਿਯੰਤਰਿਤ ਕਰ ਲੈਂਦਾ ਹੈ। ਇਕ ਵਾਰ ਜਦ ਇੱਛਾਵਾਂ 'ਤੇ ਜਿੱਤ ਹਾਸਿਲ ਹੋ ਜਾਂਦੀ ਹੈ, ਤਾਂ ਮਨੁਖ ਦਾ ਮਨ ਮੁੜ ਸੰਤੁਲਨ ਦੀ ਹਾਲਤ ਵਿਚ ਆ ਜਾਂਦਾ ਹੈ। ਇਹ ਪ੍ਰਤੀਕਾਤਮਕ ਵਿਆਖਿਆ ਇਕ ਪ੍ਰਸਿਧ ਧਾਰਮਿਕ ਕਥਾ ਨੂੰ ਆਤਮਿਕ ਵਿਕਾਸ ਦੇ ਮਾਰਗਦਰਸ਼ਕ ਵਜੋਂ ਕਿਵੇਂ ਬਦਲਦੀ ਹੈ, ਅਤੇ ਇਹ ਗੁਰੂ ਨਾਨਕ ਦੀ ਸਥਾਪਿਤ ਧਾਰਮਿਕ ਪਰੰਪਰਾਵਾਂ ਨਾਲ ਸੰਵਾਦ ਕਰਨ ਦੀ ਵਿਧੀ ਬਾਰੇ ਕੀ ਦਰਸਾਉਂਦੀ ਹੈ?

੮. ਗੁਰੂ ਨਾਨਕ ਅਯੋਧਿਆ ਵਿਚ ਕਰਮ-ਕਾਂਡੀ ਰਸਮਾਂ ਦੀ ਕਿਵੇਂ ਆਲੋਚਨਾ ਕਰਦੇ ਹਨ, ਅਤੇ ਇਸ ਦੀ ਬਜਾਏ ਕਿਹੜਾ ਬਦਲਵਾਂ ਮਾਰਗ ਸੁਝਾਉਂਦੇ ਹਨ?

ਇਸ ਭਾਗ ਵਿਚ ਦਸਿਆ ਗਿਆ ਹੈ ਕਿ ਜਦੋਂ ਗੁਰੂ ਨਾਨਕ ਨੇ ਅਯੋਧਿਆ ਵਿਚ ਮੁਕਤੀ ਪ੍ਰਾਪਤੀ ਲਈ ਲੋਕਾਂ ਨੂੰ ਕਠੋਰ ਤਪੱਸਿਆ ਕਰਦੇ ਹੋਏ ਦੇਖਿਆ, ਤਾਂ ਉਨ੍ਹਾਂ ਨੇ ਇਕ ਸਬਦ ਗਾਇਨ ਕੀਤਾ ਜਿਸ ਦਾ ਭਾਵ ਸੀ ਕਿ ਯਗ, ਦਾਨ, ਤਪੱਸਿਆ, ਉਪਾਸਨਾ ਅਤੇ ਸਰੀਰਕ ਕਸ਼ਟ ਸਹਿਣ ਦੇ ਬਾਵਜੂਦ ਵੀ, ਮਨ ਲਗਾਤਾਰ ਪੀੜ੍ਹਾ ਵਿਚ ਰਹਿੰਦਾ ਹੈ। ਆਤਮਚਿੰਤਨ ਤੋਂ ਬਿਨਾਂ ਮੁਕਤੀ ਸੰਭਵ ਨਹੀਂ। ਸ਼ਾਂਤੀ ਉਹਨਾਂ ਨੂੰ ਪ੍ਰਾਪਤ ਹੁੰਦੀ ਹੈ ਜੋ ਗਿਆਨ ਦੀ ਖੋਜ ਕਰਦੇ ਹਨ। ਬ੍ਰਿਤਾਂਤਕਾਰ ਇਸ ਨੀਤਜੇ ‘ਤੇ ਪਹੁੰਚਦਾ ਹੈ ਕਿ ਅਸੀਂ ਦਿਨ-ਰਾਤ ਭਟਕਦੇ ਰਹਿੰਦੇ ਹਾਂ। ਮੁਕਤੀ ਸਾਧਗੀ ਅਤੇ ਇਮਾਨਦਾਰੀ ਭਰੇ ਜੀਵਨ ਵਿਚ ਹੈ, ਨਾ ਕਿ ਕਠੋਰ ਤਪੱਸਿਆ ਵਿਚ। ਇਹ ਦਾਰਸ਼ਨਿਕ ਆਲੋਚਨਾ ਬਾਹਰੀ ਧਾਰਮਿਕ ਕਰਮ-ਕਾਂਢਾ ਦੀ ਪ੍ਰਭਾਵਸ਼ੀਲਤਾ ਨੂੰ ਕਿਵੇਂ ਚੁਣੌਤੀ ਦਿੰਦੀ ਹੈ, ਅਤੇ ਗੁਰੂ ਨਾਨਕ ਕਿਸ ਤਰ੍ਹਾਂ ਦੀ ਅੰਦਰੂਨੀ ਰੂਹਾਨੀ ਸਾਧਨਾ ਨੂੰ ਮੁਕਤੀ ਦੇ ਬਦਲਵੇਂ ਮਾਰਗ ਵਜੋਂ ਪੇਸ਼ ਕਰਦੇ ਹਨ?

੯. ਗੁਰੂ ਨਾਨਕ ਦੈਵੀ ਸਤਾ ਦੀ ਸਰਵ-ਵਿਆਪਕਤਾ ਬਾਰੇ ਦਾਰਸ਼ਨਿਕ ਵਿਚਾਰਧਾਰਾ ਰਾਹੀਂ, ਪਰੰਪਰਾਇਕ ਤੀਰਥ ਯਾਤਰਾਵਾਂ ਨੂੰ ਕਿਵੇਂ ਚੁਣੌਤੀ ਦਿੰਦੇ ਹਨ?

ਇਹ ਐਪੀਸੋਡ ਗੁਰੂ ਨਾਨਕ ਦੇ ਸਬਦ ਨਾਲ ਸਮਾਪਤ ਹੁੰਦਾ ਹੈ, ਜਿਸ ਵਿਚ ਉਹ ਕਹਿੰਦੇ ਹਨ ਕਿ ਸਰਵਵਿਆਪਕ ਨੂੰ ਦੂਰ ਜਾ ਕੇ ਲੱਭਣ ਦੀ ਲੋੜ ਨਹੀਂ; ਉਹ ਅੰਦਰ ਹੀ ਹੈ। ਦੈਵੀ ਸਤਾ ਦੀ ਮੌਜੂਦਗੀ ਨੂੰ ਪਛਾਣੋ। ਬ੍ਰਿਤਾਂਤਕਾਰ ਸਮਝਾਉਂਦਾ ਹੈ: ਮਨੁੱਖੀ ਮਨ ਮੂਰਤੀਆਂ ਵਿਚ ਦੈਵੀ ਸਤਾ ਨੂੰ ਭਾਲਦਾ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਦੂਰ ਜਾਣ ਦੀ ਕੀ ਲੋੜ ਹੈ ਜਦ ਦੈਵੀ ਸਤਾ ਸਰੀਰ ਦੇ ਅੰਦਰ ਮੌਜੂਦ ਹੈ, ਜੋ ਕਿ ਇਕ ਮੰਦਰ ਵਾਂਗ ਹੈ। ਦੈਵੀ ਸਤਾ ਦੀ ਵਿਆਪਕਤਾ ਬਾਰੇ ਇਹ ਦਾਰਸ਼ਨਿਕ ਵਿਚਾਰ ਪਵਿਤਰ ਧਰਤੀਆਂ ਅਤੇ ਤੀਰਥਾਂ ਦੇ ਸੰਕਲਪ ਨੂੰ ਕਿਵੇਂ ਚੁਣੌਤੀ ਦਿੰਦਾ ਹੈ, ਅਤੇ ਇਹ ਹੋਰ ਕਿਸ ਤਰ੍ਹਾਂ ਦੀ ਰੂਹਾਨੀ ਸਾਧਨਾ ਬਾਰੇ ਸੁਝਾਉਂਦਾ ਹੈ?



ਈਮੇਲ: onenessindiversityfoundation@gmail.com